# ਸੌਖੀ ਪੰਜਾਬੀ

# PANJABI MADE EASY

## BOOK 2



J.S. NAGRA

# PANJABI
# MADE EASY

## Book II

# ਸੌਖੀ ਪੰਜਾਬੀ

SIKHBOOKCLUB.COM

## ਭਾਗ ਦੂਜਾ

*By*

**Dr. J.S. NAGRA** M.A; M.Ed; Ph.D.

*Inspector of Schools (Retd.)*

*Published by :* **NAGRA PUBLICATIONS**
399 Ansty Road, Coventry CV2 3BQ, UK
Tel & Fax : 02476 617314
E-mail : js.nagra@ntlworld.com
Website : www.nagrapublications.co.uk

All rights reserved with the author. No part of this publication may be reproduced, stored in a retrieval system, transmitted in any form or by any means, electrical, mechanical, photocopying, recording or otherwise, without the prior permission of the copyright owner.

**ISBN 978 0 950803 59 3**

1st Edition : November 1987.
Reprinted : July 1989, March 1993, September 1996,
June 2002, July 2010, January 2012.

*This book is also available from :*

SIKHBOOKCLUB.COM

1. THE SIKH MISSIONARY SOCIETY UK
   10 Featherstone Road, Southall, Middlesex
   UB2 5AA, Tel : 0208 574 1902
2. DTF ASIAN PUBLISHERS AND DISTRIBUTORS
   117 Soho Road, Handsworth, Birmingham
   B21 9ST, Tel : 0121 515 1183
3. GARDNERS BOOKS LTD.
   1 Whittle Drive, Willington Drove, Eastbourne, East Sussex,
   BN 23 6 QH Tel : 01323 521555
4. GURMAT PARCHAR
   21 Brook Road, Northfleet, Gravesend, Kent,
   DA11 8RQ. Tel : 01474 326428
5. JAYSONS
   267 Soho Road, Handsworth, Birmingham,
   B21 9SA, Tel : 0121 554 3384

## ACKNOWLEDGEMENTS

I am heartily grateful to Mrs. Rupinder Kaur Mann M.A., M.Phil and Mr. John Rubidge M.A. (Ed) for their valuable suggestions to improve the book.

I am also grateful to Miss Sarah Roberts for illustrating the book.

Finally, and above all, I am deeply indebted to my wife Satwant Nagra for her inspiration and encouragement throughout.

**J.S. Nagra**
Author

SIKHBOOKCLUB.COM

# INTRODUCTION

This book is the second one in the Panjabi Made Easy series. It is designed for those students preparing for the G.C.S.E. examination in Panjabi. Many topics for the G.C.S.E. syllabus have been included in this book.

Non Panjabi speakers will find that as they progress through the book the vocabulary and sentence structure become more complex. They will therefore find this book, and the others in the series, extremely useful in gaining a grasp of the Panjabi language.

Questions at the end of each lesson are designed for the learners to monitor their own progress. Ample Panjabi vocabulary with English translation is provided at the end of the book.

SIKHBOOKCLUB.COM

**J.S. Nagra**
Author

# ਪਾਠ ਸੂਚੀ
# Contents


| ਨੰ: | ਪਾਠ | ਪੰਨਾ |
|---|---|---|
| No. | Lesson | Page |
| 1. | ਮਨਪਰੀਤ<br>Manpreet | 7 |
| 2. | ਗੁਰਪਾਲ<br>Gurpal | 9 |
| 3. | ਗੁਰਪਾਲ ਅਤੇ ਮਨਪਰੀਤ ਵਿੱਚ ਗੱਲ ਬਾਤ<br>A dialogue between Manpreet and Gurpal | 13 |
| 4. | ਜਸਪਾਲ ਅਤੇ ਮਨਜੀਤ ਵਿੱਚ ਗੱਲ ਬਾਤ<br>A dialogue between Jaspal and Manjit | 15 |
| 5. | ਚਰਨਜੀਤ ਦਾ ਪਰਿਵਾਰ<br>Charanjit's family | 21 |
| 6. | ਗੁਰਪਰੀਤ ਦਾ ਘਰ<br>Gurpreet's house | 25 |
| 7. | ਕੁਲਦੀਪ ਦਾ ਸਕੂਲ<br>Kuldip's school | 29 |
| 8. | ਕਮਲਜੀਤ ਦਾ ਕੁੱਤਾ<br>Kamaljit's dog | 33 |
| 9. | ਪਰਮਿੰਦਰ ਪਾਰਕ ਵਿੱਚ<br>Parminder in the Park | 35 |
| 10. | ਲਖਬੀਰ ਅਤੇ ਆਰਬਿੰਦਰ ਬਲੈਕਪੂਲ ਗਏ<br>Lakhbir and Arbinder went to Blackpool | 39 |
| 11. | ਹਫ਼ਤੇ ਦੇ ਦਿਨ<br>Days of the week | 43 |
| 12. | ਇੱਕ ਤੋਂ ਸੌ ਤਕ ਗਿਣਤੀ<br>Numbers from one to hundred | 47 |


SIKHBOOKCLUB.COM



# 1. ਮਨਪਰੀਤ

ਮਨਪਰੀਤ ਇੱਕ ਕੁੜੀ ਹੈ।

ਮਨਪਰੀਤ ਦਾ ਵਿਚਕਾਰਲਾ ਨਾਂ ਕੌਰ ਹੈ।

ਉਸ ਦਾ ਖ਼ਾਨਦਾਨੀ ਨਾਂ ਨਾਗਰਾ ਹੈ।

ਉਸ ਦਾ ਪੂਰਾ ਨਾਂ ਮਨਪਰੀਤ ਕੌਰ ਨਾਗਰਾ ਹੈ।

ਮਨਪਰੀਤ ਦੀ ਉਮਰ ਛੇ ਸਾਲ ਦੀ ਹੈ।

ਮਨਪਰੀਤ ਕਾਵੈਂਟਰੀ ਵਿੱਚ ਪੈਦਾ ਹੋਈ ਸੀ।

ਉਹ ਆਪਣੇ ਮਾਤਾ ਪਿਤਾ ਨਾਲ ਕਾਵੈਂਟਰੀ ਵਿੱਚ ਰਹਿੰਦੀ ਹੈ।

ਉਸ ਦੇ ਘਰ ਦਾ ਪੂਰਾ ਪਤਾ 220 ਡੇਨ ਰੋਡ, ਸਟੋਕ ਕਾਵੈਂਟਰੀ ਹੈ।

SIKHBOOKCLUB.COM

ਉਸ ਦੇ ਘਰ ਦਾ ਟੈਲੀਫ਼ੋਨ ਨੰਬਰ 0203-5198342 ਹੈ।

ਮਨਪਰੀਤ ਦਾ ਧਰਮ ਸਿੱਖ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :

   1) ਮਨਪਰੀਤ ਦਾ ਪੂਰਾ ਨਾਂ ਕੀ ਹੈ ?

2) ਮਨਪਰੀਤ ਦੀ ਉਮਰ ਕਿੰਨੇ ਸਾਲ ਦੀ ਹੈ ?

3) ਉਹ ਕਿੱਥੇ ਪੈਦਾ ਹੋਈ ਸੀ ?

4) ਉਹ ਕਿੱਥੇ ਰਹਿੰਦੀ ਹੈ ?

5) ਮਨਪਰੀਤ ਦਾ ਪੂਰਾ ਪਤਾ ਕੀ ਹੈ ?

6) ਮਨਪਰੀਤ ਦੇ ਘਰ ਦਾ ਟੈਲੀਫ਼ੋਨ ਨੰਬਰ ਕੀ ਹੈ ?

2. ਖ਼ਾਲੀ ਥਾਵਾਂ ਭਰੋ :

Fill in the blank spaces:

1) ਮਨਪਰੀਤ ਇੱਕ................ਹੈ।

2) ਉਸ ਦਾ ਵਿਚਕਾਰਲਾ ਨਾਂ................ਹੈ।

3) ਉਸ ਦਾ ਖ਼ਾਨਦਾਨੀ ਨਾਂ................ਹੈ।

4) ਮਨਪਰੀਤ ਦਾ ਧਰਮ................ਹੈ।

5) ਮਨਪਰੀਤ................ਵਿੱਚ ਪੈਦਾ ਹੋਈ ਸੀ।

3. ਮਨਪਰੀਤ ਦੀ ਤਰ੍ਹਾਂ ਤੁਸੀਂ ਆਪਣੇ ਬਾਰੇ ਕੋਈ ਦਸ ਗੱਲਾਂ ਲਿਖੋ। ਆਪਣੀ ਤਸਵੀਰ ਬਣਾਓ ਤੇ ਰੰਗ ਭਰੋ।

Like Manpreet write ten sentences about yourself. Draw yourself and colour it.

4. **Answer the following questions in English :**

(i) What is Manpreet's full name?

(ii) How old is she?

(iii) Where was she born?

(iv) Where does she live?

(v) What is her full address?

(vi) What is her telephone number?

# 2. ਗੁਰਪਾਲ

ਗੁਰਪਾਲ ਇੱਕ ਮੁੰਡਾ ਹੈ। ਉਸ ਦਾ ਵਿਚਕਾਰਲਾ ਨਾਂ ਸਿੰਘ ਹੈ। ਉਸ ਦਾ ਖ਼ਾਨਦਾਨੀ ਨਾਂ ਢਿੱਲੋਂ ਹੈ। ਉਸ ਦਾ ਪੂਰਾ ਨਾਂ ਗੁਰਪਾਲ ਸਿੰਘ ਢਿੱਲੋਂ ਹੈ।

ਗੁਰਪਾਲ ਦਾ ਜਨਮ ਦਿਨ 10 ਅਪਰੈਲ ਨੂੰ ਹੈ। ਉਸ ਦੀ ਜਨਮ ਤਰੀਕ 10 ਅਪਰੈਲ 1979 ਹੈ। ਉਹ ਲੰਡਨ ਵਿੱਚ ਪੈਦਾ ਹੋਇਆ ਸੀ।



SIKHBOOKCLUB.COM

ਗੁਰਪਾਲ ਦੀਆਂ ਤਿੰਨ ਭੈਣਾਂ ਹਨ। ਉਹਨਾਂ ਦੇ ਨਾਂ ਜਸਵੀਰ, ਲਖਵੀਰ ਅਤੇ ਅਮਨਦੀਪ ਹਨ। ਗੁਰਪਾਲ, ਜਸਵੀਰ ਤੇ ਲਖਵੀਰ ਤੋਂ ਛੋਟਾ ਅਤੇ ਅਮਨਦੀਪ ਤੋਂ ਵੱਡਾ ਹੈ।

ਉਹ ਸਟੋਕ ਜੂਨੀਅਰ ਸਕੂਲ ਕਾਵੈਂਟਰੀ ਵਿੱਚ ਪੜ੍ਹਦਾ ਹੈ। ਉਹ ਹਾਕੀ ਖੇਡਣਾ ਬਹੁਤ ਪਸੰਦ ਕਰਦਾ ਹੈ। ਉਹ ਆਪਣੇ ਸਕੂਲ ਦੀ ਹਾਕੀ ਦੀ ਟੀਮ ਦਾ ਕੈਪਟਨ ਹੈ।

ਉਹ ਇੱਕ ਹੁਸ਼ਿਆਰ ਤੇ ਬਹੁਤ ਮਿਹਨਤੀ ਮੁੰਡਾ ਹੈ। ਸਕੂਲ ਦੇ ਸਾਰੇ ਅਧਿਆਪਕ ਉਸ ਨੂੰ ਪਿਆਰ ਕਰਦੇ ਹਨ। ਸਕੂਲ ਵਿੱਚ ਉਹ ਕਿਸੇ ਨਾਲ ਲੜਾਈ ਨਹੀਂ ਕਰਦਾ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਗੁਰਪਾਲ ਦਾ ਵਿਚਕਾਰਲਾ ਨਾਂ ਕੀ ਹੈ?
   2) ਉਸ ਦਾ ਪੂਰਾ ਨਾਂ ਕੀ ਹੈ?
   3) ਉਸ ਦੀਆਂ ਤਿੰਨ ਭੈਣਾਂ ਦੇ ਨਾਂ ਲਿਖੋ।
   4) ਗੁਰਪਾਲ ਦੀ ਜਨਮ ਤਰੀਕ ਕੀ ਹੈ?
   5) ਗੁਰਪਾਲ ਦੀ ਸਭ ਤੋਂ ਛੋਟੀ ਭੈਣ ਦਾ ਨਾਂ ਕੀ ਹੈ?
   6) ਉਹ ਕਿਹੜੀ ਖੇਡ ਖੇਡਣਾ ਪਸੰਦ ਕਰਦਾ ਹੈ?
   7) ਉਸ ਦੇ ਸਕੂਲ ਦਾ ਕੀ ਨਾਂ ਹੈ?

2. ਖ਼ਾਲੀ ਥਾਵਾਂ ਭਰੋ :

Fill in the blank spaces :

1) ਉਸ ਦਾ ਨਾਂ..............ਵਿੱਲੋਂ ਹੈ।

2) ਗੁਰਪਾਲ, ਜਸਵੀਰ ਤੇ ਲਖਵੀਰ ਤੋਂ.............ਅਤੇ ਅਮਨਦੀਪ ਤੋਂ..............ਹੈ।

3) ਉਹ ਆਪਣੇ ਸਕੂਲ ਦੀ..............ਦੀ ਟੀਮ ਦਾ..............ਹੈ।

4) ਉਹ ਇੱਕ ਬਹੁਤ............ਅਤੇ ਮਿਹਨਤੀ............ਹੈ।

5) ਸਕੂਲ ਦੇ ਸਾਰੇ..............ਉਸ ਨਾਲ.............ਕਰਦੇ ਹਨ।

3. ਗੁਰਪਾਲ ਦੀ ਤਰ੍ਹਾਂ ਤੁਸੀਂ ਵੀ ਆਪਣੇ ਬਾਰੇ ਕੋਈ ਦਸ ਗੱਲਾਂ ਲਿਖੋ। ਆਪਣੀ ਤਸਵੀਰ ਬਣਾਓ ਤੇ ਰੰਗ ਭਰੋ।

Like Gurpal write ten sentences about yourself. Draw yourself and colour it.

4. **Answer the following questions in English :**

(i) What is Gurpal's middle name?

(ii) What is his full name?

(iii) Write down the names of his sisters.

(iv) What is Gurpal's date of birth?

(v) What is Gurpal's younger sister's name?

(vi) What game does Gurpal like to play?

(vii) What is the name of his school?



# 3. ਗੁਰਪਾਲ ਅਤੇ ਮਨਪਰੀਤ ਵਿੱਚ ਗੱਲ ਬਾਤ

ਗੁਰਪਾਲ : ਸਤਿ ਸ੍ਰੀ ਅਕਾਲ।

ਮਨਪਰੀਤ : ਸਤਿ ਸ੍ਰੀ ਅਕਾਲ।

ਗੁਰਪਾਲ : ਤੁਹਾਡਾ ਕੀ ਨਾਂ ਹੈ ?

ਮਨਪਰੀਤ : ਮੇਰਾ ਨਾਂ ਮਨਪਰੀਤ ਹੈ। ਤੁਹਾਡਾ ਕੀ ਨਾਂ ਹੈ ?

ਗੁਰਪਾਲ : ਮੈਨੂੰ ਗੁਰਪਾਲ ਕਹਿੰਦੇ ਹਨ।

ਮਨਪਰੀਤ : ਤੁਸੀਂ ਕਿੱਥੇ ਰਹਿੰਦੇ ਹੋ ?

ਗੁਰਪਾਲ : ਮੈਂ ਕਾਵੈਂਟਰੀ ਰਹਿੰਦਾ ਹਾਂ। ਤੁਸੀਂ ਕਿੱਥੇ ਰਹਿੰਦੇ ਹੋ ?

ਮਨਪਰੀਤ : ਮੈਂ ਵੀ ਕਾਵੈਂਟਰੀ ਰਹਿੰਦੀ ਹਾਂ।

ਗੁਰਪਾਲ : ਤੁਸੀਂ ਕਿੱਥੇ ਪੈਦਾ ਹੋਏ ਸੀ ?

ਮਨਪਰੀਤ : ਮੈਂ ਕਾਵੈਂਟਰੀ ਪੈਦਾ ਹੋਈ ਸੀ। ਤੁਸੀਂ ਕਿੱਥੇ ਪੈਦਾ ਹੋਏ ਸੀ ?

ਗੁਰਪਾਲ : ਮੈਂ ਲੰਡਨ ਵਿੱਚ ਪੈਦਾ ਹੋਇਆ ਸੀ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਗੁਰਪਾਲ ਕਿੱਥੇ ਰਹਿੰਦਾ ਹੈ ?
   2) ਮਨਪਰੀਤ ਕਿੱਥੇ ਰਹਿੰਦੀ ਹੈ ?
   3) ਗੁਰਪਾਲ ਕਿੱਥੇ ਪੈਦਾ ਹੋਇਆ ਸੀ ?
   4) ਮਨਪਰੀਤ ਕਿੱਥੇ ਪੈਦਾ ਹੋਈ ਸੀ ?

2. ਹੇਠ ਲਿਖੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :
   Choose the correct words from the following list to fill the blank spaces :
   ਕਹਿੰਦੇ, ਨਾਂ, ਮਨਪਰੀਤ, ਪੈਦਾ, ਲੰਡਨ।
   1) ਮੇਰਾ ਨਾਂ..............ਹੈ।
   2) ਮੈਨੂੰ ਗੁਰਪਾਲ..............ਹਨ।
   3) ਤੁਸੀਂ ਕਿੱਥੇ..............ਹੋਏ ਸੀ ?
   4) ਤੁਹਾਡਾ..............ਕੀ ਹੈ ?
   5) ਮੈਂ..............ਵਿੱਚ ਪੈਦਾ ਹੋਇਆ ਸੀ।

3. **Answer the following questions in English :**
   (i) Where does Gurpal live ?
   (ii) Where does Manpreet live ?
   (iii) Where was Gurpal born ?
   (iv) Where was Manpreet born ?

# 4. ਜਸਪਾਲ ਅਤੇ ਮਨਜੀਤ ਵਿੱਚ ਗੱਲ ਬਾਤ

ਜਸਪਾਲ : ਤੁਹਾਡੀ ਘੜੀ 'ਤੇ ਕੀ ਟਾਈਮ ਹੈ ?

ਮਨਜੀਤ : ਸਵੇਰ ਦੇ ਅੱਠ ਵੱਜੇ ਹਨ।

ਜਸਪਾਲ : ਤੁਸੀਂ ਕਿੰਨੇ ਵਜੇ ਸਕੂਲ ਜਾਂਦੇ ਹੋ ?

ਮਨਜੀਤ : ਮੈਂ ਸਵਾ ਅੱਠ ਵਜੇ ਸਕੂਲ ਜਾਂਦੀ ਹਾਂ। ਤੁਸੀਂ ਕਿੰਨੇ ਵਜੇ ਜਾਂਦੇ ਹੋ ?

ਜਸਪਾਲ : ਮੈਂ ਵੀ ਸਵਾ ਅੱਠ ਵਜੇ ਜਾਂਦਾ ਹਾਂ। ਤੁਸੀਂ ਨਾਸ਼ਤਾ (ਬ੍ਰੇਕ.ਫ਼ਾਸਟ) ਕਿੰਨੇ ਵਜੇ ਕਰਦੇ ਹੋ ?

ਮਨਜੀਤ : ਮੈਂ ਨਾਸ਼ਤਾ ਪੌਣੇ ਅੱਠ ਵਜੇ ਕਰਦੀ ਹਾਂ। ਤੁਸੀਂ ਕਿੰਨੇ ਵਜੇ ਨਾਸ਼ਤਾ ਕਰਦੇ ਹੋ ?

ਜਸਪਾਲ : ਮੈਂ ਨਾਸ਼ਤਾ ਅੱਠ ਵਜੇ ਕਰਦਾ ਹਾਂ। ਤੁਸੀਂ ਸਵੇਰ ਨੂੰ ਸੁੱਤੇ ਕਦ ਉੱਠਦੇ ਹੋ ?

ਮਨਜੀਤ : ਮੈਂ ਸਵੇਰ ਨੂੰ ਸੱਤ ਵਜੇ ਸੁੱਤੀ ਉੱਠਦੀ ਹਾਂ। ਤੁਸੀਂ ਕਿੰਨੇ ਵਜੇ ਉੱਠਦੇ ਹੋ ?

ਜਸਪਾਲ : ਮੈਂ ਸਾਢੇ ਸੱਤ ਵਜੇ ਉੱਠਦਾ ਹਾਂ।

ਮਨਜੀਤ : ਤੁਹਾਡਾ ਸਕੂਲ ਕਦੋਂ ਲਗਦਾ ਹੈ ?


SCHOOL

ਜਸਪਾਲ : ਮੇਰਾ ਸਕੂਲ ਪੌਣੇ ਨੌਂ ਵਜੇ ਲਗਦਾ ਹੈ। ਤੁਹਾਡਾ ਸਕੂਲ ਕਦੋਂ ਲਗਦਾ ਹੈ ?

ਮਨਜੀਤ : ਸਾਡਾ ਸਕੂਲ ਤਾਂ ਅੱਠ ਚਾਲੀ (ਅੱਠ ਵੱਜ ਕੇ ਚਾਲੀ ਮਿੰਟ) 'ਤੇ ਲਗਦਾ ਹੈ।

ਜਸਪਾਲ : ਘਰ ਤੋਂ ਸਕੂਲ ਜਾਣ ਲਈ ਤੁਹਾਨੂੰ ਕਿੰਨਾ ਚਿਰ ਲਗਦਾ ਹੈ ?

ਮਨਜੀਤ : ਸਿਰਫ਼ ਦਸ ਮਿੰਟ। ਤੁਹਾਡੇ ਆਪਣੇ ਸਕੂਲ ਤਕ ਜਾਣ ਲਈ ਕਿੰਨਾ ਸਮਾਂ ਲਗਦਾ ਹੈ ?

ਜਸਪਾਲ : ਸਾਡਾ ਸਕੂਲ ਘਰ ਤੋਂ ਕਾਫ਼ੀ ਦੂਰ ਹੈ। ਇਸ ਲਈ ਮੈਨੂੰ ਬਸ ਵਿੱਚ ਜਾਣਾ ਪੈਂਦਾ ਹੈ। ਮੈਨੂੰ ਘਰ ਤੋਂ ਸਕੂਲ ਤਕ ਪਹੁੰਚਣ ਲਈ ਅੱਧਾ ਘੰਟਾ ਲਗ ਜਾਂਦਾ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

   Answer the following questions in Panjabi :

   1) ਮਨਜੀਤ ਕਿੰਨੇ ਵਜੇ ਸਕੂਲ ਜਾਂਦੀ ਹੈ ?
   2) ਜਸਪਾਲ ਕਿੰਨੇ ਵਜੇ ਸਕੂਲ ਜਾਂਦਾ ਹੈ ?
   3) ਜਸਪਾਲ ਸਵੇਰੇ ਕਿੰਨੇ ਵਜੇ ਸੁੱਤਾ ਉੱਠਦਾ ਹੈ ?
   4) ਮਨਜੀਤ ਦਾ ਸਕੂਲ ਕਦੋਂ ਲਗਦਾ ਹੈ ?

5) ਜਸਪਾਲ ਦਾ ਸਕੂਲ ਕਦੋਂ ਲਗਦਾ ਹੈ ?

6) ਮਨਜੀਤ ਨੂੰ ਘਰ ਤੋਂ ਸਕੂਲ ਜਾਣ ਲਈ ਕਿੰਨਾ ਸਮਾਂ ਲਗਦਾ ਹੈ ?

7) ਜਸਪਾਲ ਨੂੰ ਸਕੂਲ ਬਸ ਵਿੱਚ ਕਿਉਂ ਜਾਣਾ ਪੈਂਦਾ ਹੈ ?

8) ਜਸਪਾਲ ਨੂੰ ਸਕੂਲ ਤਕ ਪਹੁੰਚਣ ਲਈ ਕਿੰਨਾ ਸਮਾਂ ਲਗਦਾ ਹੈ ?

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (ਤੁਸੀਂ ਆਪਣੇ ਬਾਰੇ) ਪੰਜਾਬੀ ਵਿੱਚ ਲਿਖੋ :

Answer the following questions about yourself in Panjabi :

1) ਤੁਸੀ ਕਿੰਨੇ ਵਜੇ ਸੁੱਤੇ ਉੱਠਦੇ ਹੋ ?

2) ਤੁਸੀਂ ਕਿੰਨੇ ਵਜੇ ਆਪਣਾ ਨਾਸ਼ਤਾ ਕਰਦੇ ਹੋ ?

3) ਤੁਸੀਂ ਕਿੰਨੇ ਵਜੇ ਸਕੂਲ ਜਾਂਦੇ ਹੋ ?

4) ਤੁਹਾਡਾ ਸਕੂਲ ਕਦੋਂ ਲਗਦਾ ਹੈ ?

5) ਤੁਹਾਨੂੰ ਆਪਣੇ ਘਰ ਤੋਂ ਸਕੂਲ ਜਾਣ ਲਈ ਕਿੰਨਾ ਸਮਾਂ ਲਗਦਾ ਹੈ ?

3. ਖ਼ਾਲੀ ਥਾਵਾਂ ਭਰੋ :

Fill in the blank spaces :

1) ਤੁਸੀਂ ਕਿੰਨੇ ਵਜੇ..............ਜਾਂਦੇ ਹੋ ?

2) ਮੈਂ..............ਪੌਣੇ ਅੱਠ ਵਜੇ ਖਾਂਦੀ ਹਾਂ।

3) ਤੁਸੀਂ..............ਨੂੰ ਸੁੱਤੇ ਕਦ..............ਹੋ ?

4) ਤੁਹਾਡਾ..............ਕਦੋਂ ਲਗਦਾ ਹੈ ?

5) ਸਾਡਾ ਸਕੂਲ..............ਤੋਂ ਕਾਫ਼ੀ ਦੂਰ ਹੈ।

6) ਮੈਨੂੰ ਘਰ ਤੋਂ ਸਕੂਲ ਤਕ................ਲਈ ਅੱਧਾ.............. ਲਗ ਜਾਂਦਾ ਹੈ।

**4. Answer the following questions in English :**

(i) When does Manjit go to school ?

(ii) When does Jaspal go to school ?

(iii) When does Jaspal get up in the morning ?

(iv) When does Manjit's school start ?

(v) When does Jaspal's school start ?

(vi) How much time does it take for Manjit to reach school from home ?

(vii) Why has Jaspal to go to school by bus ?

(viii) How much time does it take for Jaspal to reach school from home ?

SIKHBOOKCLUB.COM



# 5. ਚਰਨਜੀਤ ਦਾ ਪਰਿਵਾਰ

ਚਰਨਜੀਤ ਇੱਕ ਕੁੜੀ ਹੈ। ਉਸ ਦਾ ਇੱਕ ਭਰਾ ਹੈ। ਉਸ ਦਾ ਨਾਂ ਰਾਬਿੰਦਰ ਹੈ। ਉਸ ਦੀ ਇੱਕ ਭੈਣ ਹੈ। ਉਸ ਦਾ ਨਾਂ ਹਰਦੀਪ ਹੈ।

ਰਾਬਿੰਦਰ ਅਤੇ ਹਰਦੀਪ ਚਰਨਜੀਤ ਨਾਲੋਂ ਵੱਡੇ ਹਨ। ਰਾਬਿੰਦਰ, ਹਰਦੀਪ ਅਤੇ ਚਰਨਜੀਤ ਸਟੌਕ ਜੂਨੀਅਰ ਸਕੂਲ ਵਿੱਚ ਪੜ੍ਹਦੇ ਹਨ।

ਚਰਨਜੀਤ ਦੇ ਮਾਤਾ ਜੀ ਦਾ ਨਾਂ ਸੁਰਿੰਦਰ ਕੌਰ ਹੈ। ਉਸ ਦੇ ਪਿਤਾ ਜੀ ਦਾ ਨਾਂ ਮਨਮੋਹਨ ਸਿੰਘ ਹੈ। ਉਸ ਦੇ ਮਾਤਾ ਤੇ ਪਿਤਾ ਜੀ ਇੱਕ ਫ਼ੈਕਟਰੀ ਵਿੱਚ ਕੰਮ ਕਰਦੇ ਹਨ। ਉਹ ਚਰਨਜੀਤ ਨਾਲ ਬਹੁਤ ਪਿਆਰ ਕਰਦੇ ਹਨ। ਚਰਨਜੀਤ ਵੀ ਆਪਣੇ ਮਾਤਾ ਪਿਤਾ ਨਾਲ ਬਹੁਤ ਪਿਆਰ ਕਰਦੀ ਹੈ।

ਚਰਨਜੀਤ ਦੇ ਦਾਦੀ ਜੀ ਉਹਨਾਂ ਦੇ ਨਾਲ ਰਹਿੰਦੇ ਹਨ। ਚਰਨਜੀਤ ਦੇ ਦਾਦੀ ਜੀ ਸਾਰੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਹਨ। ਉਸ ਦੇ ਦਾਦਾ ਜੀ ਦੀ ਪਿਛਲੇ ਸਾਲ ਮੌਤ ਹੋ ਗਈ ਸੀ।

ਚਰਨਜੀਤ ਦੇ ਦੋ ਚਾਚੇ, ਦੋ ਚਾਚੀਆਂ, ਦੋ ਤਾਏ, ਦੋ ਤਾਈਆਂ ਅਤੇ ਇੱਕ ਭੂਆ ਹੈ। ਉਸ ਦਾ ਇੱਕ ਚਾਚਾ, ਇੱਕ ਚਾਚੀ, ਇੱਕ ਤਾਇਆ, ਇੱਕ ਤਾਈ ਅਤੇ ਉਹਨਾਂ ਦੇ ਬੱਚੇ ਪੰਜਾਬ ਵਿੱਚ ਰਹਿੰਦੇ ਹਨ। ਉਸ ਦੇ ਭੂਆ ਜੀ ਅਤੇ ਫੁੱਫੜ ਜੀ ਵੀ ਪੰਜਾਬ ਵਿੱਚ ਹੀ ਰਹਿੰਦੇ ਹਨ।

# ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਚਰਨਜੀਤ ਦੇ ਕਿੰਨੇ ਭਰਾ ਹਨ ?
   2) ਚਰਨਜੀਤ ਦੀ ਭੈਣ ਦਾ ਕੀ ਨਾਂ ਹੈ ?
   3) ਸਾਰਿਆਂ ਵਿੱਚੋਂ ਛੋਟਾ ਕਿਹੜਾ ਹੈ ?
   4) ਚਰਨਜੀਤ ਦੇ ਸਕੂਲ ਦਾ ਕੀ ਨਾਂ ਹੈ ?
   5) ਚਰਨਜੀਤ ਦੇ ਮਾਤਾ ਪਿਤਾ ਕਿੱਥੇ ਕੰਮ ਕਰਦੇ ਹਨ ?
   6) ਉਸ ਦੇ ਪਿਤਾ ਜੀ ਅਤੇ ਮਾਤਾ ਜੀ ਦਾ ਨਾਂ ਲਿਖੋ ।
   7) ਚਰਨਜੀਤ ਦੇ ਦਾਦੀ ਜੀ ਕਿੱਥੇ ਰਹਿੰਦੇ ਹਨ ?
   8) ਉਸ ਦੇ ਕਿੰਨੇ ਚਾਚੇ ਚਾਚੀਆਂ ਹਨ ?
   9) ਚਰਨਜੀਤ ਦੇ ਭੂਆ ਜੀ ਕਿੱਥੇ ਰਹਿੰਦੇ ਹਨ ?

2. **Write the meanings of the following words in English :**

| | |
|---|---|
| ਕੁੜੀ | ਬਹੁਤ |
| ਭਰਾ | ਪਿਆਰ ਕਰਨਾ |
| ਭੈਣ | ਦਾਦੀ |
| ਦੋਨੋਂ | ਰਹਿੰਦੇ ਹਨ |
| ਵੱਡੇ | ਦਾਦਾ |
| ਪੜ੍ਹਦੇ ਹਨ | ਬੱਚੇ |
| ਮਾਤਾ | ਚਾਚਾ |
| ਪਿਤਾ | ਤਾਇਆ |
| ਕੰਮ ਕਰਨਾ | ਭੂਆ |
| ਮੌਤ | ਫੁੱਫੜ |

3. **Answer the following questions in English :**

(i) How many brothers does Charnjit have?

(ii) What is Charnjit's sister's name?

(iii) Who is the youngest of them?

(iv) What is the name of Charnjit's school?

(v) Where do Charnjit's parents work?

(vi) Write down her mother's and father's name.

(vii) Where does Charnjit's grand mother live?

(viii) How many aunts and uncles does she have?

4. **ਹੇਠ ਲਿਖੇ ਸ਼ਬਦਾਂ ਨੂੰ ਆਪਣੇ ਵਾਕਾਂ ਵਿੱਚ ਵਰਤੋ :**

Use the following words in your own sentences:

**ਕੁੜੀ, ਭਰਾ, ਭੈਣ, ਚਾਚੀ, ਤਾਇਆ, ਸਕੂਲ, ਭੂਆ, ਬੱਚੇ, ਪਿਆਰ, ਦਾਦੀ।**

SIKHBOOKCLUB.COM

5. **ਆਪਣੇ ਪਰਿਵਾਰ ਦੇ ਹਰ ਇੱਕ ਮੈਂਬਰ ਦੀ ਤਸਵੀਰ ਬਣਾਓ ਅਤੇ ਹਰੇਕ ਦਾ ਨਾਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਉਸ ਦੀ ਤਸਵੀਰ ਥੱਲੇ ਲਿਖੋ।**

Draw each member of your family and write his/her name in Panjabi and English under the picture.

6. **ਆਪਣੇ ਮਾਤਾ ਜੀ ਅਤੇ ਪਿਤਾ ਜੀ ਬਾਰੇ ਕੁਝ ਵਾਕ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਲਿਖੋ।**

Write a few sentences about your mother and father in Panjabi and English.



# 6. ਗੁਰਪਰੀਤ ਦਾ ਘਰ

ਇਹ ਗੁਰਪਰੀਤ ਦਾ ਘਰ ਹੈ। ਗੁਰਪਰੀਤ ਦੇ ਘਰ ਦਾ ਨੰਬਰ 35 ਹੈ। ਗੁਰਪਰੀਤ ਦਾ ਘਰ ਪਾਰਕ ਲੇਨ ਵਿੱਚ ਹੈ। ਗੁਰਪਰੀਤ ਦਾ ਘਰ ਲੀਡਜ਼ ਸ਼ਹਿਰ ਵਿੱਚ ਹੈ।

ਗੁਰਪਰੀਤ ਦੇ ਘਰ ਦੀਆਂ ਦੋ ਮੰਜ਼ਲਾਂ ਹਨ। ਉਪਰਲੀ ਮੰਜ਼ਲ 'ਤੇ ਤਿੰਨ ਕਮਰੇ ਹਨ। ਗ਼ੁਸਲਖ਼ਾਨਾ ਤੇ ਸ਼ਾਵਰ ਵੀ ਉਪਰਲੀ ਮੰਜ਼ਲ 'ਤੇ ਹੀ ਹਨ। ਥੱਲੇ ਇੱਕ ਵੱਡਾ ਕਮਰਾ ਹੈ। ਥੱਲੇ ਹੀ ਇੱਕ ਰਸੋਈ, ਇੱਕ ਖਾਣ ਵਾਲਾ ਕਮਰਾ, ਇੱਕ ਪੜ੍ਹਨ ਵਾਲਾ ਕਮਰਾ ਅਤੇ ਇੱਕ ਟੌਇਲਿਟ ਹੈ। ਖਾਣ ਵਾਲਾ ਕਮਰਾ ਰਸੋਈ ਦੇ ਕੋਲ ਹੈ।

ਵੱਡੇ ਕਮਰੇ ਵਿੱਚ ਇੱਕ ਸੋਫ਼ਾ ਸੈਟ, ਇੱਕ ਮੇਜ਼, ਇੱਕ ਵੱਡੀ ਅਲਮਾਰੀ ਅਤੇ ਇੱਕ ਟੈਲੀਵਿਯਨ ਹੈ। ਖਾਣ ਵਾਲੇ ਕਮਰੇ ਵਿੱਚ ਇੱਕ ਮੇਜ਼ ਅਤੇ ਛੇ ਕੁਰਸੀਆਂ ਹਨ। ਸਾਰੇ ਕਮਰਿਆਂ ਵਿੱਚ ਹਰੇ ਰੰਗ ਦੀ ਕਾਰਪਿਟ ਹੈ। ਕੰਧਾਂ 'ਤੇ ਕੁਝ ਤਸਵੀਰਾਂ ਹਨ। ਸੌਣ ਵਾਲਿਆਂ ਕਮਰਿਆਂ ਵਿੱਚ ਇੱਕ ਇੱਕ ਮੰਜਾ ਅਤੇ ਕਈ ਹੋਰ ਚੀਜ਼ਾਂ ਹਨ। ਟੈਲੀਫ਼ੋਨ ਪੌੜੀਆਂ ਦੇ ਕੋਲ ਹੈ।

ਗੁਰਪਰੀਤ ਦੇ ਘਰ ਨਾਲ ਇੱਕ ਵੱਡੀ ਗੈਰਿਜ ਹੈ। ਗੈਰਿਜ ਵਿੱਚ ਗੁਰਪਰੀਤ ਦੇ ਪਿਤਾ ਜੀ ਕਾਰ ਖੜ੍ਹੀ ਕਰਦੇ ਹਨ। ਘਰ ਦੇ ਅੱਗੇ ਇੱਕ ਛੋਟਾ ਬਗ਼ੀਚਾ ਹੈ ਪਰ ਪਿਛਲਾ ਬਗ਼ੀਚਾ

ਬਹੁਤ ਵੱਡਾ ਹੈ। ਦੋਹਾਂ ਬ਼ਗੀਚਿਆਂ ਵਿੱਚ ਹਰਾ ਘਾਹ ਅਤੇ ਫੁੱਲਾਂ ਦੇ ਬੂਟੇ ਹਨ।

ਰਸੋਈ ਵਿੱਚ ਫ਼ਰਿਜ, ਕੁੱਕਰ, ਕਪੜੇ ਧੋਣ ਵਾਲੀ ਮਸ਼ੀਨ, ਭਾਂਡੇ ਧੋਣ ਵਾਲੀ ਮਸ਼ੀਨ ਅਤੇ ਹੋਰ ਕਈ ਚੀਜ਼ਾਂ ਹਨ। ਰਸੋਈ ਵਿੱਚ ਵੀ ਕਾਰਪਿਟ ਪਾਈ ਹੋਈ ਹੈ।

ਗੁਰਪਰੀਤ ਦਾ ਘਰ ਸ਼ਹਿਰ ਦੇ ਕੇਂਦਰ ਤੋਂ ਕੋਈ ਦੂਰ ਨਹੀਂ ਹੈ। ਇਹ ਚਰਚ ਦੇ ਕੋਲ ਹੈ। ਇਹ ਨਵਾਂ ਘਰ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

   Answer the following questions in Panjabi :

   1) ਗੁਰਪਰੀਤ ਦੇ ਘਰ ਦਾ ਪੂਰਾ ਪਤਾ ਲਿਖੋ।
   2) ਗੁਰਪਰੀਤ ਦੇ ਘਰ ਦੀਆਂ ਕਿੰਨੀਆਂ ਮੰਜ਼ਲਾਂ ਹਨ ?
   3) ਉਪਰਲੀ ਮੰਜ਼ਲ 'ਤੇ ਕਿੰਨੇ ਕਮਰੇ ਹਨ ?
   4) ਗ਼ੁਸਲਖ਼ਾਨਾ ਤੇ ਸ਼ਾਵਰ ਕਿੱਥੇ ਹਨ ?
   5) ਥੱਲੇ ਦੀਆਂ ਮੰਜ਼ਲਾਂ 'ਤੇ ਕੀ ਹੈ ?
   6) ਹਾਲ ਕਮਰੇ ਵਿੱਚ ਕੀ ਹੈ ?
   7) ਕਾਰਪਿਟ ਦਾ ਕੀ ਰੰਗ ਹੈ ?
   8) ਟੈਲੀਫ਼ੋਨ ਕਿੱਥੇ ਹੈ ?
   9) ਬ਼ਗੀਚਿਆਂ ਵਿੱਚ ਕੀ ਹੈ ?
   10) ਰਸੋਈ ਵਿੱਚ ਕੀ ਹੈ ?

2. ਖ਼ਾਲੀ ਥਾਵਾਂ ਭਰੋ :

Fill in the blank spaces:

1) ਗੁਰਪਰੀਤ ਦਾ..............ਪਾਰਕ ਲੇਨ ਵਿੱਚ ਹੈ।

2) ਉਪਰਲੀ ਮੰਜ਼ਲ 'ਤੇ ਤਿੰਨ..............ਹਨ।

3) ਖਾਣ ਵਾਲਾ ਕਮਰਾ..............ਦੇ ਕੋਲ ਹੈ।

4) ਕੰਧਾਂ 'ਤੇ ਕੁਝ..............ਹਨ।

5) ..............ਪੌੜੀਆਂ ਦੇ ਕੋਲ ਹੈ।

3. **Write the meanings of the following words in English :**

| | |
|---|---|
| ਸ਼ਹਿਰ | ਦੋ |
| ਮੰਜ਼ਲਾਂ | ਉਪਰਲੀ |
| ਥੱਲੇ | ਗ਼ੁਸਲਖ਼ਾਨਾ |
| ਰਸੋਈ | ਮੰਜਾ |
| ਪੌੜੀਆਂ | ਘਾਹ |

SIKHBOOKCLUB.COM

4. **Answer the following questions in English :**

(i) Write down the full address of Gurpreet's house.

(ii) How many storeys has Gurpreet's house?

(iii) How many rooms are there on the top floor?

(iv) Where is the bathroom and shower?

(v) What is on the ground floor?

(vi) What is in the big room?

(vii) What is the colour of the carpet?

(viii) Where is the telephone?

(ix) What is in the garden?

(x) What is in the kitchen?

5. ਆਪਣੇ ਘਰ ਦੀ ਤਸਵੀਰ ਬਣਾਓ ਅਤੇ ਉਸ ਵਿੱਚ ਰੰਗ ਭਰੋ।
Draw a picture of your house and colour it.

6. ਆਪਣੇ ਘਰ ਬਾਰੇ ਦਸ ਵਾਕ ਪੰਜਾਬੀ ਵਿੱਚ ਲਿਖੋ।
Use Panjabi to write ten sentences describing your house.

7. ਆਪਣੇ ਸੌਣ ਵਾਲੇ ਕਮਰੇ ਦੀ ਤਸਵੀਰ ਬਣਾਓ ਅਤੇ ਉਸ ਵਿੱਚ ਰੰਗ ਭਰੋ।
Draw a picture of your bedroom and colour it.

8. ਆਪਣੇ ਸੌਣ ਵਾਲੇ ਕਮਰੇ ਬਾਰੇ ਦਸ ਵਾਕ ਪੰਜਾਬੀ ਵਿੱਚ ਲਿਖੋ।
Use Panjabi to write ten sentences describing your bedroom.

SIKHBOOKCLUB.COM

# 7. ਕੁਲਦੀਪ ਦਾ ਸਕੂਲ

ਕੁਲਦੀਪ ਸਟੱਕ ਜੂਨੀਅਰ ਸਕੂਲ ਵਿੱਚ ਪੜ੍ਹਦੀ ਹੈ। ਇਹ ਸਕੂਲ ਬਰਿਟਨ ਰੋਡ 'ਤੇ ਹੈ ਅਤੇ ਕੁਲਦੀਪ ਦੇ ਘਰ ਤੋਂ ਨੇੜੇ ਹੈ। ਕੁਲਦੀਪ ਸਕੂਲ ਨੂੰ ਤੁਰ ਕੇ ਜਾਂਦੀ ਹੈ।



ਇਸ ਸਕੂਲ ਦੀ ਬਿਲਡਿੰਗ ਬਹੁਤ ਸੋਹਣੀ ਹੈ। ਇਸ ਦੇ ਕਮਰੇ ਵੱਡੇ ਵੱਡੇ ਹਨ। ਸਾਰਿਆਂ ਕਮਰਿਆਂ ਵਿੱਚ ਸੈਂਟਰਲ ਹੀਟਿੰਗ ਲੱਗੀ ਹੋਈ ਹੈ। ਇੱਕ ਵੱਡਾ ਹਾਲ ਕਮਰਾ ਹੈ। ਹਾਲ ਕਮਰੇ ਵਿੱਚ ਸਕੂਲ ਦੇ ਸਾਰੇ ਬੱਚੇ ਅਸੈਂਬਲੀ ਲਈ ਇਕੱਠੇ ਹੁੰਦੇ ਹਨ।

ਕੁਲਦੀਪ ਦੇ ਸਕੂਲ ਵਿੱਚ ਇੱਕ ਲਾਇਬਰੇਰੀ ਹੈ। ਲਾਇਬਰੇਰੀ ਵਿੱਚ ਕਈ ਤਰ੍ਹਾਂ ਦੀਆਂ ਕਿਤਾਬਾਂ ਹਨ। ਬੱਚੇ ਲਾਇਬਰੇਰੀ ਤੋਂ ਕਿਤਾਬਾਂ ਲੈ ਕੇ ਪੜ੍ਹਦੇ ਹਨ।

ਬੱਚਿਆਂ ਦੇ ਖੇਡਣ ਲਈ ਦੋ ਖੇਡਾਂ ਦੇ ਮੈਦਾਨ ਹਨ। ਬੱਚੇ ਖੇਡਾਂ ਦੇ ਮੈਦਾਨ ਵਿੱਚ ਖੇਡਣਾ ਬਹੁਤ ਪਸੰਦ ਕਰਦੇ ਹਨ।

ਕੁਲਦੀਪ ਦੇ ਸਕੂਲ ਵਿੱਚ ਪੰਦਰਾਂ ਅਧਿਆਪਕ ਹਨ। ਕੁਲਦੀਪ ਦੇ ਅਧਿਆਪਕ ਦਾ ਨਾਂ ਮਿਸਟਰ ਸੰਧੂ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

   Answer the following questions in Panjabi :

   1) ਕੁਲਦੀਪ ਦੇ ਸਕੂਲ ਦਾ ਕੀ ਨਾਂ ਹੈ ?
   2) ਕੁਲਦੀਪ ਦਾ ਸਕੂਲ ਕਿੱਥੇ ਹੈ ?
   3) ਸਕੂਲ ਦੇ ਬੱਚੇ ਅਸੈਂਬਲੀ ਲਈ ਕਿੱਥੇ ਇਕੱਠੇ ਹੁੰਦੇ ਹਨ ?

4) ਸਕੂਲ ਵਿੱਚ ਕਿੰਨੇ ਖੇਡਣ ਦੇ ਮੈਦਾਨ ਹਨ ?

5) ਸਕੂਲ ਵਿੱਚ ਕਿੰਨੇ ਅਧਿਆਪਕ ਹਨ ?

6) ਕੁਲਦੀਪ ਦੇ ਅਧਿਆਪਕ ਦਾ ਕੀ ਨਾਂ ਹੈ ?

2. ਖ਼ਾਲੀ ਥਾਵਾਂ ਭਰੋ :

Fill in the blank spaces :

1) ਕੁਲਦੀਪ ਸਕੂਲ ਨੂੰ..............ਕੇ ਜਾਂਦੀ ਹੈ।

2) ਸਕੂਲ ਦੀ..............ਬਹੁਤ ਸੋਹਣੀ ਹੈ।

3) ਸਾਰਿਆਂ ਕਮਰਿਆਂ ਵਿੱਚ..............ਲੱਗੀ ਹੋਈ ਹੈ।

4) ਲਾਇਬਰੇਰੀ ਵਿੱਚ ਕਈ ਤਰ੍ਹਾਂ ਦੀਆਂ..............ਹਨ।

5) ਬੱਚੇ...................ਦੇ ਮੈਦਾਨ ਵਿੱਚ ਖੇਡਣਾ ਬਹੁਤ.............. ਕਰਦੇ ਹਨ।

3. ਤੁਸੀਂ ਆਪਣੇ ਸਕੂਲ ਦੀ ਤਸਵੀਰ ਬਣਾਓ ਅਤੇ ਇਸ ਵਿੱਚ ਰੰਗ ਭਰੋ।

Draw a picture of your school and colour it.

4. ਆਪਣੇ ਸਕੂਲ ਬਾਰੇ ਕੋਈ ਦਸ ਗੱਲਾਂ ਪੰਜਾਬੀ ਵਿੱਚ ਲਿਖੋ।

Write ten sentences in Panjabi about your school.

5. **Answer the following questions in English :**

(i) What is the name of Kuldip's school ?

(ii) Where is Kuldip's school ?

(iii) Where do the children meet for morning assembly ?

(iv) How many play-grounds does the school have ?

(v) How many teachers are there in Kuldip's school ?

(vi) What is the name of Kuldip's teacher ?



# 8. ਕਮਲਜੀਤ ਦਾ ਕੁੱਤਾ

ਇਹ ਕੁੱਤੇ ਦੀ ਤਸਵੀਰ ਹੈ। ਇਹ ਕੁੱਤਾ ਕਮਲਜੀਤ ਦਾ ਹੈ। ਇਸ ਦਾ ਨਾਂ ਪੀਟਰ ਹੈ। ਇਸ ਦਾ ਰੰਗ ਕਾਲਾ ਹੈ। ਇਸ ਦੀਆਂ ਚਾਰ ਲੱਤਾਂ, ਦੋ ਅੱਖਾਂ, ਦੋ ਕੰਨ ਅਤੇ ਇੱਕ ਪੂਛ ਹੈ।

ਕਮਲਜੀਤ ਪੀਟਰ ਨਾਲ ਬਹੁਤ ਪਿਆਰ ਕਰਦੀ ਹੈ। ਉਹ ਪੀਟਰ ਨੂੰ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਬਾਹਰ ਸੈਰ ਕਰਨ ਲਈ ਲੈ ਕੇ ਜਾਂਦੀ ਹੈ। ਪੀਟਰ ਦਾ ਇੱਕ ਛੋਟਾ ਜਿਹਾ ਲੱਕੜ ਦਾ ਕਮਰਾ ਹੈ। ਪੀਟਰ ਆਪਣੇ ਕਮਰੇ ਵਿੱਚ ਸੌਂਦਾ ਹੈ। ਕਮਲਜੀਤ ਪੀਟਰ ਦੇ ਕਮਰੇ ਨੂੰ ਹਰ ਰੋਜ਼ ਸਾਫ਼ ਕਰਦੀ ਹੈ।

ਪੀਟਰ ਕਮਲਜੀਤ ਦੇ ਘਰ ਦੀ ਰਾਖੀ ਕਰਦਾ ਹੈ। ਜਦੋਂ ਵੀ ਕੋਈ ਦੂਸਰਾ ਆਦਮੀ ਕਮਲਜੀਤ ਦੇ ਘਰ ਆਉਂਦਾ ਹੈ ਤਾਂ ਪੀਟਰ ਭੌਂਕਣਾ ਸ਼ੁਰੂ ਕਰ ਦਿੰਦਾ ਹੈ। ਕਿਸੇ ਚੋਰ ਨੂੰ ਘਰ ਨਹੀਂ ਆਉਣ ਦਿੰਦਾ।

ਕਮਲਜੀਤ ਪੀਟਰ ਨੂੰ ਕਈ ਕਿਸਮ ਦਾ ਖਾਣਾ ਖਾਣ ਲਈ ਦਿੰਦੀ ਹੈ। ਪਰ ਪੀਟਰ ਮੀਟ ਖਾਣਾ ਸਭ ਤੋਂ ਵੱਧ ਪਸੰਦ ਕਰਦਾ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਕਮਲਜੀਤ ਦੇ ਕੁੱਤੇ ਦਾ ਕੀ ਨਾਂ ਹੈ ?

2) ਉਸ ਦਾ ਰੰਗ ਕੀ ਹੈ ?

3) ਕਮਲਜੀਤ ਪੀਟਰ ਨੂੰ ਸਵੇਰੇ ਤੇ ਸ਼ਾਮ ਕਿੱਥੇ ਲੈ ਕੇ ਜਾਂਦੀ ਹੈ ?

4) ਪੀਟਰ ਕਿੱਥੇ ਸੌਂਦਾ ਹੈ ?

5) ਪੀਟਰ ਦੇ ਕਮਰੇ ਨੂੰ ਕੌਣ ਸਾਫ਼ ਕਰਦਾ ਹੈ ?

6) ਪੀਟਰ ਕਿਸ ਨੂੰ ਘਰ ਨਹੀਂ ਆਉਣ ਦਿੰਦਾ ?

7) ਪੀਟਰ ਸਭ ਤੋਂ ਵੱਧ ਕੀ ਖਾਣਾ ਪਸੰਦ ਕਰਦਾ ਹੈ ?

2. ਪੀਟਰ ਦੀ ਤਸਵੀਰ ਬਣਾਓ ਅਤੇ ਇਸ ਬਾਰੇ ਕੋਈ ਪੰਜ ਗੱਲਾਂ ਆਪਣੀ ਕਾਪੀ ਵਿੱਚ ਲਿਖੋ।

3. ਖ਼ਾਲੀ ਥਾਵਾਂ ਭਰੋ :

Fill in the blank spaces:

1) ਪੀਟਰ ਦਾ ਰੰਗ..............ਹੈ।

2) ਪੀਟਰ ਦਾ ਇੱਕ ਛੋਟਾ ਜਿਹਾ ਲੱਕੜ ਦਾ..............ਹੈ।

3) ਪੀਟਰ ਕਮਲਜੀਤ ਦੇ............ਦੀ ਰਾਖੀ ਕਰਦਾ ਹੈ।

4) ਕਮਲਜੀਤ ਪੀਟਰ ਦੇ ਕਮਰੇ ਨੂੰ ਹਰ ਰੋਜ਼...........ਕਰਦੀ ਹੈ।

5) ਪੀਟਰ............ਖਾਣਾ ਸਭ ਤੋਂ ਵੱਧ ਪਸੰਦ ਕਰਦਾ ਹੈ।

4. **Answer the following questions in English :**

(i) What is the name of Kamaljit's dog?

(ii) What is its colour?

(iii) Where does Kamaljit take Peter in the morning and in the evening?

(iv) Where does Peter sleep?

(v) Who cleans Peter's room?

(vi) Who doesn't Peter let come home?

(vii) What does Peter like to eat most?

# 9. ਪਰਮਿੰਦਰ ਪਾਰਕ ਵਿੱਚ

ਪਰਮਿੰਦਰ ਦੇ ਘਰ ਕੋਲ ਇੱਕ ਪਾਰਕ ਹੈ। ਪਾਰਕ ਵਿੱਚ ਬੱਚਿਆਂ ਦੇ ਖੇਡਣ ਲਈ ਕਈ ਕਿਸਮ ਦੇ ਝੂਲੇ ਹਨ। ਬੱਚੇ ਝੂਲਿਆਂ 'ਤੇ ਝੂਟੇ ਲੈ ਕੇ ਬਹੁਤ ਖ਼ੁਸ਼ ਹੁੰਦੇ ਹਨ। ਪਰਮਿੰਦਰ ਵੀ ਝੂਟੇ ਲੈ ਕੇ ਬਹੁਤ ਖ਼ੁਸ਼ ਹੁੰਦਾ ਹੈ।



ਗਰਮੀਆਂ ਦੀਆਂ ਛੁੱਟੀਆਂ ਵਿੱਚ ਪਾਰਕ ਨੂੰ ਬਹੁਤ ਲੋਕ ਜਾਂਦੇ ਹਨ। ਮਾਤਾ ਪਿਤਾ ਆਪਣੇ ਬੱਚਿਆਂ ਨੂੰ ਪਾਰਕ ਵਿੱਚ ਲੈ ਕੇ ਆਉਂਦੇ ਹਨ। ਮਾਤਾ ਪਿਤਾ ਆਪਸ ਵਿੱਚ ਗੱਲਾਂ ਕਰਦੇ ਹਨ। ਬੱਚੇ ਝੂਲੇ ਝੂਟਦੇ ਹਨ। ਕੁਝ ਬੱਚੇ ਫੁਟਬਾਲ ਅਤੇ ਕ੍ਰਿਕਟ ਖੇਡਦੇ ਹਨ।

ਕੁਝ ਲੋਕ ਪਾਰਕ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਨਾਲ ਲੈ ਜਾਂਦੇ ਹਨ ਅਤੇ ਪਾਰਕ ਵਿੱਚ ਹਰੇ ਘਾਹ 'ਤੇ ਬੈਠ ਕੇ ਪਿਕਨਿਕ ਕਰਦੇ ਹਨ।

ਸਿਆਣੇ ਲੋਕ ਵੀ ਗਰਮੀਆਂ ਵਿੱਚ ਪਾਰਕ ਨੂੰ ਜਾਣਾ ਬਹੁਤ ਪਸੰਦ ਕਰਦੇ ਹਨ। ਉਹ ਆਪਣੇ ਸਾਥੀਆਂ ਨਾਲ ਗੱਲਾਂ ਕਰਕੇ ਬਹੁਤ ਖ਼ੁਸ਼ ਹੁੰਦੇ ਹਨ। ਕੁਝ ਲੋਕ ਤਾਸ਼ ਖੇਡਦੇ ਹਨ ਅਤੇ ਬਾਕੀ ਘਾਹ 'ਤੇ ਲੇਟ ਕੇ ਖ਼ੁਸ਼ ਹੁੰਦੇ ਹਨ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

   Answer the following questions in Panjabi :

   1) ਪਾਰਕ ਕਿੱਥੇ ਹੈ ?
   2) ਪਾਰਕ ਵਿੱਚ ਕੀ ਹੈ ?
   3) ਪਾਰਕ ਵਿੱਚ ਰੌਣਕ ਕਦੋਂ ਹੁੰਦੀ ਹੈ ?
   4) ਪਾਰਕ ਵਿੱਚ ਬੱਚੇ ਕੀ ਕਰਦੇ ਹਨ ?
   5) ਸਿਆਣੇ ਲੋਕ ਪਾਰਕ ਵਿੱਚ ਕੀ ਕਰਦੇ ਹਨ ?

2. ਖ਼ਾਲੀ ਥਾਵਾਂ ਭਰੋ :

Fill in the blank spaces :

1) ਬੱਚੇ ਝੂਲਿਆਂ 'ਤੇ ਝੂਟੇ ਲੈ ਕੇ ਬਹੁਤ..............ਹੁੰਦੇ ਹਨ।

2) ਮਾਤਾ ਪਿਤਾ ਆਪਣੇ..............ਨੂੰ ਪਾਰਕ ਵਿੱਚ ਲੈ ਕੇ ਆਉਂਦੇ ਹਨ।

3) ਬੱਚੇ..............ਝੂਟਦੇ ਹਨ।

4) ਕੁਝ ਬੱਚੇ..............ਅਤੇ..............ਖੇਡਦੇ ਹਨ।

5) ਮਾਤਾ ਪਿਤਾ ਆਪਸ ਵਿੱਚ..............ਕਰਦੇ ਹਨ।

3. **Answer the following questions in English :**

(i) Where is the park ?

(ii) What is in the park ?

(iii) When are there more people in the park ?

(iv) What do the children do in the park ?

(v) What do the old people do in the park ?



# 10. ਲਖਬੀਰ ਅਤੇ ਆਰਬਿੰਦਰ ਬਲੈਕਪੂਲ ਗਏ

ਗਰਮੀਆਂ ਦੀਆਂ ਛੁੱਟੀਆਂ ਸਨ। ਲਖਬੀਰ ਅਤੇ ਆਰਬਿੰਦਰ ਦੇ ਮਾਤਾ ਪਿਤਾ ਜੀ ਨੂੰ ਵੀ ਦੋ ਹਫ਼ਤਿਆਂ ਦੀਆਂ ਛੁੱਟੀਆਂ ਸਨ।

ਇਹਨਾਂ ਛੁੱਟੀਆਂ ਵਿੱਚ ਸਾਰੇ ਪਰਿਵਾਰ ਨੇ ਬਲੈਕਪੂਲ ਜਾਣ ਦਾ ਪ੍ਰੋਗਰਾਮ ਬਣਾਇਆ। ਬਲੈਕਪੂਲ ਇੰਗਲੈਂਡ ਵਿੱਚ ਸਮੁੰਦਰ ਦੇ ਕੰਢੇ 'ਤੇ ਇੱਕ ਬਹੁਤ ਸੋਹਣਾ ਸ਼ਹਿਰ ਹੈ। ਇੱਥੇ ਬਹੁਤ ਸਾਰੇ ਲੋਕ ਛੁੱਟੀਆਂ ਵਿੱਚ ਆਉਂਦੇ ਹਨ।

ਪਿਛਲੇ ਸਨਿੱਚਰਵਾਰ ਉਹ ਆਪਣੀ ਕਾਰ ਵਿੱਚ ਸਵੇਰ ਦੇ ਕੋਈ ਸੱਤ ਕੁ ਵਜੇ ਚੱਲ ਪਏ। ਉਹਨਾਂ ਆਪਣੇ ਖਾਣ ਲਈ ਪਰੌਂਠੇ, ਆਲੂ ਛੋਲੇ ਅਤੇ ਕੁਝ ਸੈਂਡਵਿਚ ਬਣਾਏ। ਪੀਣ ਲਈ ਚਾਹ ਬਣਾ ਕੇ ਥਰਮੋਸ ਬੋਤਲ ਵਿੱਚ ਪਾ ਲਈ।

ਰਸਤੇ ਵਿੱਚ ਉਹ ਇੱਕ ਕੈਫ਼ੇ 'ਤੇ ਠਹਿਰੇ। ਇੱਥੇ ਲਖਬੀਰ ਅਤੇ ਆਰਬਿੰਦਰ ਨੇ ਆਈਸ ਕਰੀਮ ਲੈ ਕੇ ਖਾਧੀ ਅਤੇ ਉਹਨਾਂ ਦੇ ਮਾਤਾ ਪਿਤਾ ਜੀ ਨੇ ਇੱਕ ਇੱਕ ਚਾਹ ਦਾ ਕੱਪ ਪੀਤਾ। ਕੈਫ਼ੇ ਵਿੱਚ ਦਸ ਪੰਦਰਾਂ ਮਿੰਟ ਠਹਿਰ ਕੇ ਉਹ ਬਲੈਕਪੂਲ ਵੱਲ ਫੇਰ ਚੱਲ ਪਏ।

ਉਹਨਾਂ ਨੂੰ ਕਾਵੈਂਟਰੀ ਤੋਂ ਬਲੈਕਪੂਲ ਪਹੁੰਚਣ ਲਈ ਚਾਰ

ਘੰਟੇ ਲੱਗ ਗਏ। ਕਾਰ ਇੱਕ ਕਾਰ ਪਾਰਕ ਵਿੱਚ ਖੜ੍ਹੀ ਕਰਕੇ ਉਹ ਸਮੁੰਦਰ ਵੱਲ ਚੱਲ ਪਏ। ਉਹਨਾਂ ਨੇ ਆਪਣਾ ਖਾਣ ਪੀਣ ਦਾ ਸਾਮਾਨ ਵੀ ਨਾਲ ਲੈ ਲਿਆ।

ਦਿਨ ਬਹੁਤ ਸੋਹਣਾ ਸੀ। ਧੁੱਪ ਨਿਕਲੀ ਹੋਈ ਸੀ। ਲੋਕੀਂ ਆਪਣੇ ਕਪੜੇ ਖੋਲ੍ਹ ਕੇ ਰੇਤ 'ਤੇ ਲੇਟੇ ਹੋਏ ਸਨ ਅਤੇ ਧੁੱਪ ਸੇਕ ਰਹੇ ਸਨ। ਲਖਬੀਰ ਅਤੇ ਆਰਬਿੰਦਰ ਨੇ ਵੀ ਆਪਣੇ ਕਪੜੇ ਉਤਾਰੇ ਅਤੇ ਪਾਣੀ ਵਿੱਚ ਜਾ ਵੜੇ। ਉਹਨਾਂ ਦੇ ਮਾਤਾ ਪਿਤਾ ਆਰਾਮ ਕੁਰਸੀਆਂ 'ਤੇ ਬੈਠ ਕੇ ਧੁੱਪ ਸੇਕਣ ਲਗ ਪਏ।

ਉਹਨਾਂ ਨੇ ਇੱਕ ਵਜੇ ਪਰੌਂਠੇ ਖਾਧੇ ਅਤੇ ਚਾਹ ਪੀਤੀ। ਇਸ ਤੋਂ ਬਾਅਦ ਉਹ ਕੁਝ ਦੇਰ ਲਈ ਸਮੁੰਦਰ ਦੇ ਕੰਢੇ 'ਤੇ ਇੱਧਰ ਉੱਧਰ ਘੁੰਮੇ। ਫੇਰ ਉਹ ਬਲੈਕਪੂਲ ਦਾ ਟਾਵਰ ਦੇਖਣ ਗਏ। ਟਾਵਰ ਦੇਖ ਕੇ ਉਹ ਬਹੁਤ ਖ਼ੁਸ਼ ਹੋਏ। ਹੁਣ ਸ਼ਾਮ ਦੇ ਛੇ ਵੱਜ ਚੁੱਕੇ ਸਨ ਅਤੇ ਹਰ ਕੋਈ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ।

ਉਹਨਾਂ ਨੇ ਥੋੜ੍ਹੀ ਦੇਰ ਲਈ ਬਲੈਕਪੂਲ ਸ਼ਹਿਰ ਵਿੱਚ ਘੁੰਮਣ ਦਾ ਪ੍ਰੋਗਰਾਮ ਬਣਾਇਆ। ਅੱਧਾ ਕੁ ਘੰਟਾ ਸ਼ਹਿਰ ਵਿੱਚ ਘੁੰਮਣ ਤੋਂ ਬਾਅਦ ਉਹ ਇੱਕ ਕੈਫ਼ੇ 'ਤੇ ਬੈਠ ਗਏ। ਮੰਮੀ ਡੈਡੀ ਨੇ ਚਾਹ ਪੀਤੀ ਅਤੇ ਲਖਬੀਰ ਅਤੇ ਆਰਬਿੰਦਰ ਨੇ ਕੋਕਾ ਕੋਲਾ ਪੀਤਾ। ਸੱਤ ਵਜੇ ਉਹ ਵਾਪਸ ਚੱਲ ਪਏ ਅਤੇ ਰਾਤ ਦੇ ਗਿਆਰਾਂ ਵਜੇ ਆਪਣੇ ਸ਼ਹਿਰ ਕਾਵੈਂਟਰੀ ਪਹੁੰਚ ਗਏ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

   Answer the following questions in Panjabi :

   1) ਸਕੂਲ ਕਿੰਨੇ ਹਫ਼ਤਿਆਂ ਲਈ ਬੰਦ ਸਨ ?
   2) ਬਲੈਕਪੂਲ ਕਿੱਥੇ ਹੈ ?
   3) ਲਖਬੀਰ, ਆਰਬਿੰਦਰ ਅਤੇ ਉਹਨਾਂ ਦੇ ਮਾਤਾ ਪਿਤਾ ਬਲੈਕਪੂਲ ਕਦੋਂ ਗਏ ?
   4) ਉਹ ਬਲੈਕਪੂਲ ਆਪਣੇ ਖਾਣ ਲਈ ਕੀ ਲੈ ਕੇ ਗਏ ?
   5) ਰਸਤੇ ਵਿੱਚ ਉਹ ਕਿੱਥੇ ਠਹਿਰੇ ?
   6) ਬਲੈਕਪੂਲ ਪਹੁੰਚ ਕੇ ਉਹਨਾਂ ਨੇ ਕਾਰ ਕਿੱਥੇ ਖੜ੍ਹੀ ਕੀਤੀ ?
   7) ਦਿਨ ਕਿਸ ਤਰ੍ਹਾਂ ਦਾ ਸੀ ?
   8) ਬਲੈਕਪੂਲ ਲਖਬੀਰ ਅਤੇ ਆਰਬਿੰਦਰ ਨੇ ਕੀ ਕੀਤਾ ?
   9) ਬਲੈਕਪੂਲ ਸ਼ਹਿਰ ਘੁੰਮਣ ਤੋਂ ਬਾਅਦ ਉਹ ਕਿੱਥੇ ਗਏ ?
   10) ਉਹ ਬਲੈਕਪੂਲ ਤੋਂ ਵਾਪਸ ਆਪਣੇ ਘਰ ਕਦੋਂ ਪਹੁੰਚੇ ?

2. ਖ਼ਾਲੀ ਥਾਵਾਂ ਭਰੋ :

   Fill in the blank spaces :

   1) ਗਰਮੀ ਦੀਆਂ..............ਸਨ।
   2) ਪੀਣ ਲਈ ਚਾਹ ਬਣਾ ਕੇ..............ਵਿੱਚ ਪਾ ਲਈ।
   3) ਕੈਫ਼ੇ ਵਿੱਚ ਦਸ ਪੰਦਰਾਂ ਮਿੰਟ..............ਕੇ ਉਹ ਬਲੈਕਪੂਲ ਵੱਲ ਫੇਰ ਚੱਲ ਪਏ।
   4) ਲੋਕੀਂ ਆਪਣੇ..............ਖੋਲ੍ਹ ਕੇ ਰੇਤ 'ਤੇ ਲੇਟੇ ਹੋਏ ਸਨ।
   5) ਇਹਨਾਂ ਦੇ ਮਾਤਾ ਪਿਤਾ ਆਰਾਮ..............'ਤੇ ਬੈਠ ਕੇ ਧੁੱਪ ਸੇਕਣ ਲਗ ਪਏ।

3. ਕੀ ਤੁਸੀਂ ਵੀ ਕਦੇ ਛੁੱਟੀਆਂ ਵਿੱਚ ਕਿਤੇ ਗਏ ਹੋ ? ਜੇ ਗਏ ਹੋ ਤਾਂ ਇਸ ਬਾਰੇ ਲਿਖੋ, ਜੇ ਨਹੀਂ ਗਏ ਤਾਂ ਲਿਖੋ ਕਿ ਤੁਸੀਂ ਪਿਛਲਾ ਐਤਵਾਰ ਕਿਸ ਤਰ੍ਹਾਂ ਗੁਜ਼ਾਰਿਆ ।

4. **Answer the following questions in English :**

(i) How many weeks was the school closed for ?

(ii) Where is Blackpool ?

(iii) When did Lakhbir, Arbinder and their parents go to Blackpool ?

(iv) What did they take with them to eat in Blackpool ?

(v) Where did they stay on their way to Blackpool ?

(vi) Where did they park their car after reaching Blackpool ?

(vii) What was the day like ?

(viii) What did Lakhbir and Arbinder do in Blackpool ?

(ix) Where did they go to after roaming about in the city ?

(x) When did they arrive back home from Blackpool ?

# 11. ਹਫ਼ਤੇ ਦੇ ਦਿਨ

ਗੁਰਪਰੀਤ : ਅੱਜ ਕੀ ਦਿਨ ਹੈ ?

ਅਮਨਦੀਪ : ਅੱਜ ਬੁੱਧਵਾਰ ਹੈ।

ਗੁਰਪਰੀਤ : ਕੱਲ ਕੀ ਦਿਨ ਸੀ ?

ਅਮਨਦੀਪ : ਕੱਲ ਮੰਗਲਵਾਰ ਸੀ।

ਗੁਰਪਰੀਤ : ਕੱਲ ਕੀ ਦਿਨ ਹੋਵੇਗਾ ?

ਅਮਨਦੀਪ : ਕੱਲ ਵੀਰਵਾਰ ਹੋਵੇਗਾ।

ਗੁਰਪਰੀਤ : ਪਰਸੋਂ ਕੀ ਦਿਨ ਸੀ ?

ਅਮਨਦੀਪ : ਪਰਸੋਂ ਸੋਮਵਾਰ ਸੀ।

ਗੁਰਪਰੀਤ : ਪਰਸੋਂ ਕੀ ਦਿਨ ਹੋਵੇਗਾ ?

ਅਮਨਦੀਪ : ਪਰਸੋਂ ਸ਼ੁਕਰਵਾਰ ਹੋਵੇਗਾ।

ਗੁਰਪਰੀਤ : ਸ਼ੁੱਕਰਵਾਰ ਤੋਂ ਬਾਅਦ ਕਿਹੜਾ ਦਿਨ ਹੋਵੇਗਾ ?

ਅਮਨਦੀਪ : ਸ਼ੁੱਕਰਵਾਰ ਤੋਂ ਬਾਅਦ ਸਨਿੱਚਰਵਾਰ ਹੋਵੇਗਾ।

ਗੁਰਪਰੀਤ : ਸੋਮਵਾਰ ਤੋਂ ਪਹਿਲਾਂ ਕਿਹੜਾ ਦਿਨ ਆਉਂਦਾ ਹੈ ?

ਅਮਨਦੀਪ : ਸੋਮਵਾਰ ਤੋਂ ਪਹਿਲਾਂ ਐਤਵਾਰ ਆਉਂਦਾ ਹੈ।

ਗੁਰਪਰੀਤ : ਤੁਹਾਨੂੰ ਹਫ਼ਤੇ ਦੇ ਕਿਹੜੇ ਦਿਨ ਛੁੱਟੀ ਹੁੰਦੀ ਹੈ ?


JULY
1 2 3 4 5 6 7
8 9 10 11 12 13 14
15 16 17 18 19 20 21
22 23 24 25 26 27 28
29 30 31

ਅਮਨਦੀਪ : ਸਾਨੂੰ ਸਨਿੱਚਰਵਾਰ ਅਤੇ ਐਤਵਾਰ ਛੁੱਟੀ ਹੁੰਦੀ ਹੈ।

ਗੁਰਪਰੀਤ : ਤੁਹਾਨੂੰ ਹਫ਼ਤੇ ਦੇ ਕਿਹੜੇ ਦਿਨ ਸੋਹਣੇ ਲਗਦੇ ਹਨ ?

ਅਮਨਦੀਪ : ਮੈਨੂੰ ਸਨਿੱਚਰਵਾਰ ਅਤੇ ਐਤਵਾਰ ਸੋਹਣੇ ਲਗਦੇ ਹਨ।

ਗੁਰਪਰੀਤ : ਕਿਉਂ ?

ਅਮਨਦੀਪ : ਕਿਉਂਕਿ ਸਨਿੱਚਰਵਾਰ ਅਤੇ ਐਤਵਾਰ ਮੈਨੂੰ ਛੁੱਟੀ ਹੁੰਦੀ ਹੈ। ਇਸ ਲਈ ਖੇਡਣ ਵਾਸਤੇ ਕਾਫ਼ੀ ਸਮਾਂ ਮਿਲ ਜਾਂਦਾ ਹੈ।

SIKHBOOKCLUB.COM

## ਅਭਿਆਸ (Exercise)

1. ਆਪਣੀ ਕਾਪੀ ਵਿੱਚ ਲਿਖੋ :
   Copy in your exercise book :
   ਸੋਮਵਾਰ, ਮੰਗਲਵਾਰ, ਬੁੱਧਵਾਰ, ਵੀਰਵਾਰ, ਸ਼ੁੱਕਰਵਾਰ, ਸਨਿੱਚਰਵਾਰ, ਐਤਵਾਰ।

2. ਉੱਪਰ ਲਿਖੇ ਹਫ਼ਤੇ ਦੇ ਦਿਨਾਂ ਨੂੰ ਅੰਗਰੇਜ਼ੀ ਵਿੱਚ ਲਿਖੋ।
   Write the above days of the week in English.

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :

Answer the following questions in Panjabi :

1) ਅੱਜ ਕੀ ਦਿਨ ਹੈ ?
2) ਕੱਲ ਕੀ ਦਿਨ ਸੀ ?
3) ਕੱਲ ਕੀ ਦਿਨ ਹੋਵੇਗਾ ?
4) ਪਰਸੋਂ ਕੀ ਦਿਨ ਸੀ ?
5) ਪਰਸੋਂ ਕੀ ਦਿਨ ਹੋਵੇਗਾ ?
6) ਹਫ਼ਤੇ ਵਿਚ ਕਿੰਨੇ ਦਿਨ ਹੁੰਦੇ ਹਨ ?
7) ਤੁਹਾਨੂੰ ਕਿਹੜੇ ਕਿਹੜੇ ਦਿਨ ਛੁੱਟੀ ਹੁੰਦੀ ਹੈ ?
8) ਤੁਹਾਨੂੰ ਹਫ਼ਤੇ ਦੇ ਕਿਹੜੇ ਕਿਹੜੇ ਦਿਨ ਸੋਹਣੇ ਲਗਦੇ ਹਨ ?

4. ਖ਼ਾਲੀ ਥਾਵਾਂ ਭਰੋ :

Fill in the blank spaces :

1) ਮੰਗਲਵਾਰ ਤੋਂ ਪਹਿਲਾਂ..............ਆਉਂਦਾ ਹੈ।
2) ਵੀਰਵਾਰ ਤੋਂ ਬਾਅਦ..............ਆਉਂਦਾ ਹੈ।
3) ਅਸੀਂ..............ਅਤੇ..............ਸਕੂਲ ਨਹੀਂ ਜਾਂਦੇ।
4) ਐਤਵਾਰ ਤੋਂ..............ਸੋਮਵਾਰ ਆਉਂਦਾ ਹੈ।
5) ਸਨਿੱਚਰਵਾਰ ਤੋਂ..............ਸ਼ੁੱਕਰਵਾਰ ਆਉਂਦਾ ਹੈ।

5. **Answer the following questions in English.**

(i) What day is today?
(ii) What day was it yesterday?
(iii) What day will it be tomorrow?
(iv) What day was the day before yesterday?
(v) What day will it be the day after tomorrow?
(vi) How many days are there in a week?
(vii) Which days of the week are you on holiday?
(viii) Which days of the week do you like most?

# 12. ਇੱਕ ਤੋਂ ਸੌ ਤਕ ਗਿਣਤੀ

Numbers from 1 to 100
(ਇੱਕ ਤੋਂ ਸੌ ਤਕ ਗਿਣਤੀ)

| | | | |
|---|---|---|---|
| ikk | ਇੱਕ | 1 | ੧ |
| do | ਦੋ | 2 | ੨ |
| tinn | ਤਿੰਨ | 3 | ੩ |
| chār | ਚਾਰ | 4 | ੪ |
| panj | ਪੰਜ | 5 | ੫ |
| chhe | ਛੇ | 6 | ੬ |
| satt | ਸੱਤ | 7 | ੭ |
| aṭṭh | ਅੱਠ | 8 | ੮ |
| naũ | ਨੌਂ | 9 | ੯ |
| das | ਦਸ | 10 | ੧੦ |
| giārā̃ | ਗਿਆਰਾਂ | 11 | ੧੧ |
| bārā̃ | ਬਾਰਾਂ | 12 | ੧੨ |
| terā̃ | ਤੇਰਾਂ | 13 | ੧੩ |
| chaudā̃ | ਚੌਦਾਂ | 14 | ੧੪ |
| pandrā̃ | ਪੰਦਰਾਂ | 15 | ੧੫ |
| solā̃ | ਸੋਲ੍ਹਾਂ | 16 | ੧੬ |
| satārā̃ | ਸਤਾਰਾਂ | 17 | ੧੭ |

| | | | |
|---|---|---|---|
| aṭhārā̃ | ਅਠਾਰਾਂ | 18 | ੧੮ |
| unnī | ਉੱਨੀ | 19 | ੧੯ |
| vīh | ਵੀਹ | 20 | ੨੦ |
| ikkī | ਇੱਕੀ | 21 | ੨੧ |
| bāī | ਬਾਈ | 22 | ੨੨ |
| teī | ਤੇਈ | 23 | ੨੩ |
| chauvī | ਚੌਵੀ | 24 | ੨੪ |
| pacchī | ਪੱਚੀ | 25 | ੨੫ |
| chhabbī | ਛੱਬੀ | 26 | ੨੬ |
| satāī | ਸਤਾਈ | 27 | ੨੭ |
| aṭhāī | ਅਠਾਈ | 28 | ੨੮ |
| uṇattī | ਉਣੱਤੀ | 29 | ੨੯ |
| tīh | ਤੀਹ | 30 | ੩੦ |
| ikattī | ਇਕੱਤੀ | 31 | ੩੧ |
| battī | ਬੱਤੀ | 32 | ੩੨ |
| tetī | ਤੇਤੀ | 33 | ੩੩ |
| chaũtī | ਚੌਂਤੀ | 34 | ੩੪ |
| pæntī | ਪੈਂਤੀ | 35 | ੩੫ |
| chhattī | ਛੱਤੀ | 36 | ੩੬ |
| sæntī | ਸੈਂਤੀ | 37 | ੩੭ |

| | | | |
|---|---|---|---|
| aṭhattī | ਅਠੱਤੀ | 38 | ੩੮ |
| untālī | ਉਨਤਾਲੀ | 39 | ੩੯ |
| chālī | ਚਾਲੀ | 40 | ੪੦ |
| iktālī | ਇਕਤਾਲੀ | 41 | ੪੧ |
| batālī | ਬਤਾਲੀ | 42 | ੪੨ |
| tirtālī | ਤਿਰਤਾਲੀ | 43 | ੪੩ |
| chutālī | ਚੁਤਾਲੀ | 44 | ੪੪ |
| panjtālī | ਪੰਜਤਾਲੀ | 45 | ੪੫ |
| chhitālī | ਛਿਤਾਲੀ | 46 | ੪੬ |
| santālī | ਸੰਤਾਲੀ | 47 | ੪੭ |
| aṭṭhtālī | ਅੱਠਤਾਲੀ | 48 | ੪੮ |
| uṇanjā | ਉਣੰਜਾ | 49 | ੪੯ |
| panjāh | ਪੰਜਾਹ | 50 | ੫੦ |
| ikwanjā | ਇਕਵੰਜਾ | 51 | ੫੧ |
| bavanjā | ਬਵੰਜਾ | 52 | ੫੨ |
| tirwanjā | ਤਿਰਵੰਜਾ | 53 | ੫੩ |
| churwanjā | ਚੁਰਵੰਜਾ | 54 | ੫੪ |
| pacchwanjā | ਪੱਚਵੰਜਾ | 55 | ੫੫ |
| chhapanjā | ਛਪੰਜਾ | 56 | ੫੬ |
| sattwanjā | ਸੱਤਵੰਜਾ | 57 | ੫੭ |

| | | | |
|---|---|---|---|
| aṭṭhwanjā | ਅੱਠਵੰਜਾ | 58 | ੫੮ |
| unāhaṭh | ਉਨਾਹਠ | 59 | ੫੯ |
| saṭṭh | ਸੱਠ | 60 | ੬੦ |
| ikāhaṭh | ਇਕਾਹਠ | 61 | ੬੧ |
| bāhaṭh | ਬਾਹਠ | 62 | ੬੨ |
| trehaṭh | ਤ੍ਰੇਹਠ | 63 | ੬੩ |
| chaũhaṭh | ਚੌਂਹਠ | 64 | ੬੪ |
| pænhaṭh | ਪੈਂਹਠ | 65 | ੬੫ |
| chhiāhaṭh | ਛਿਆਹਠ | 66 | ੬੬ |
| satāhaṭh | ਸਤਾਹਠ | 67 | ੬੭ |
| aṭhāhaṭh | ਅਠਾਹਠ | 68 | ੬੮ |
| uṇhattar | ਉਣੱਤਰ | 69 | ੬੯ |
| sattar | ਸੱਤਰ | 70 | ੭੦ |
| ikattar | ਇਕੱਤਰ | 71 | ੭੧ |
| bahattar | ਬਹੱਤਰ | 72 | ੭੨ |
| tihattar | ਤਿਹੱਤਰ | 73 | ੭੩ |
| chauhattar | ਚੌਹੱਤਰ | 74 | ੭੪ |
| panjhattar | ਪੰਝੱਤਰ | 75 | ੭੫ |
| chhihattar | ਛਿਹੱਤਰ | 76 | ੭੬ |
| satattar | ਸਤੱਤਰ | 77 | ੭੭ |

| | | | |
|---|---|---|---|
| aṭhattar | ਅਠੱਤਰ | 78 | ੭੮ |
| uṇāsī | ਉਣਾਸੀ | 79 | ੭੯ |
| assī | ਅੱਸੀ | 80 | ੮੦ |
| ikāsī | ਇਕਾਸੀ | 81 | ੮੧ |
| biāsī | ਬਿਆਸੀ | 82 | ੮੨ |
| tirāsī | ਤਿਰਾਸੀ | 83 | ੮੩ |
| chaurāsī | ਚੌਰਾਸੀ | 84 | ੮੪ |
| pachāsī | ਪਚਾਸੀ | 85 | ੮੫ |
| chhiāsī | ਛਿਆਸੀ | 86 | ੮੬ |
| satāsī | ਸਤਾਸੀ | 87 | ੮੭ |
| aṭhāsī | ਅਠਾਸੀ | 88 | ੮੮ |
| uṇānwẽ | ਉਣਾਨਵੇਂ | 89 | ੮੯ |
| nabbe | ਨੱਬੇ | 90 | ੯੦ |
| ikānwẽ | ਇਕਾਨਵੇਂ | 91 | ੯੧ |
| bānwẽ | ਬਾਨਵੇਂ | 92 | ੯੨ |
| tirānwẽ | ਤਿਰਾਨਵੇਂ | 93 | ੯੩ |
| churānwẽ | ਚੁਰਾਨਵੇਂ | 94 | ੯੪ |
| pachānwẽ | ਪਚਾਨਵੇਂ | 95 | ੯੫ |
| chhiānwẽ | ਛਿਆਨਵੇਂ | 96 | ੯੬ |
| satānwẽ | ਸਤਾਨਵੇਂ | 97 | ੯੭ |

| | | | |
|---|---|---|---|
| aṭhānwē | ਅਠਾਨਵੇਂ | 98 | ੯੮ |
| naṛhinwē | ਨੜ੍ਹਿਨਵੇਂ | 99 | ੯੯ |
| sau | ਸੌ | 100 | ੧੦੦ |

## ਅਭਿਆਸ (Exercise)

1. ਆਪਣੀ ਉਮਰ ਪੰਜਾਬੀ ਨੰਬਰਾਂ ਵਿੱਚ ਲਿਖੋ।
2. ਆਪਣੀ ਜਨਮ ਤਰੀਕ ਪੰਜਾਬੀ ਨੰਬਰਾਂ ਵਿੱਚ ਲਿਖੋ।
3. ਅੱਜ ਦੀ ਤਾਰੀਕ ਪੰਜਾਬੀ ਨੰਬਰਾਂ ਵਿੱਚ ਲਿਖੋ।
4. ਆਪਣੇ ਮਿੱਤਰ ਜਾਂ ਸਹੇਲੀ ਦੀ ਜਨਮ ਤਰੀਕ ਪੰਜਾਬੀ ਨੰਬਰਾਂ ਵਿੱਚ ਲਿਖੋ।
5. ਆਪਣੇ ਘਰ ਦਾ ਨੰਬਰ ਪੰਜਾਬੀ ਨੰਬਰਾਂ ਵਿੱਚ ਲਿਖੋ।
6. ਆਪਣਾ ਟੈਲੀਫ਼ੋਨ ਨੰਬਰ ਪੰਜਾਬੀ ਨੰਬਰਾਂ ਵਿੱਚ ਲਿਖੋ।
7. ਹੇਠ ਲਿਖੇ ਨੰਬਰ ਪੰਜਾਬੀ ਵਿੱਚ ਲਿਖੋ :
   9, 15, 42, 55, 87, 128, 548, 673, 967, 1069.
8. ਇੱਕ ਤੋਂ ਸੌ ਤਕ ਨੰਬਰ ਪੰਜਾਬੀ ਵਿੱਚ ਜ਼ਬਾਨੀ ਯਾਦ ਕਰੋ ਅਤੇ ਇੱਕ ਦੂਜੇ ਨੂੰ ਸੁਣਾਓ।

## 1. ਮਨਪਰੀਤ

| Panjabi | English |
|---|---|
| ਇੱਕ | one |
| ਕੁੜੀ | girl |
| ਹੈ | is |
| ਦਾ/ਦੀ | of |
| ਵਿਚਕਾਰਲਾ | middle |
| ਨਾਂ | name |
| ਕੌਰ | second name of a girl or woman |
| ਖ਼ਾਨਦਾਨੀ ਨਾਂ | family name |
| ਇਸਦਾ/ਉਸਦੀ/ਉਸਦੇ | his/her |
| ਪੂਰਾ | full |
| ਉਮਰ | age |
| ਛੇ | six |
| ਸਾਲ | year |
| ਵਿੱਚ | in |
| ਪੈਦਾ ਹੋਈ ਸੀ | was born |
| ਉਹ | he/she/it |
| ਆਪਣੇ | his/her |
| ਮਾਤਾ | mother |
| ਪਿਤਾ | father |

| | |
|---|---|
| ਨਾਲ | with |
| ਰਹਿੰਦੀ ਹੈ/ਰਹਿੰਦਾ ਹੈ | lives |
| ਘਰ | house |
| ਪਤਾ | address |
| ਧਰਮ | religion |
| ਰਹਿੰਦਾ ਹਾਂ/ਰਹਿੰਦਾ ਹੈ | live/lives |
| ਰਹਿੰਦੀ ਹਾਂ/ਰਹਿੰਦੀ ਹੈ | |

## 2. ਗੁਰਪਾਲ

| Panjabi | English |
|---|---|
| ਮੁੰਡਾ | boy |
| ਜਨਮ ਦਿਨ | birthday |
| ਜਨਮ ਤਰੀਕ | date of birth |
| ਭੈਣਾਂ | sisters |
| ਤੋਂ | from |
| ਛੋਟਾ | younger |
| ਵੱਡਾ | elder |
| ਖੇਡਣਾ | to play |
| ਪਸੰਦ ਕਰਦਾ ਹੈ | likes |
| ਪੜ੍ਹਦਾ ਹੈ | studies |
| ਹੁਸ਼ਿਆਰ | clever |
| ਅਤੇ | and |

| | |
|---|---|
| ਮਿਹਨਤੀ | hard working |
| ਅਧਿਆਪਕ | teacher |
| ਪਿਆਰ ਕਰਦੇ ਹਨ | love |
| ਕਿਸੇ ਨਾਲ | any body |
| ਲੜਾਈ | fight |
| ਝਗੜਾ ਨਹੀਂ ਕਰਦਾ | does not quarrel |

## 3. ਗੁਰਪਾਲ ਅਤੇ ਮਨਪਰੀਤ ਵਿੱਚ ਗੱਲ ਬਾਤ

| Panjabi | English |
|---|---|
| ਸਤਿ ਸ੍ਰੀ ਅਕਾਲ | Panjabi greeting meaning God is truth |
| ਤੁਹਾਡਾ | your |
| ਮੇਰਾ | my |
| ਮੈਂ | I |
| ਮੈਨੂੰ | I |
| ਕਹਿੰਦੇ ਹਨ | called |
| ਕਿੱਥੇ | where |

## 4. ਜਸਪਾਲ ਅਤੇ ਮਨਜੀਤ ਵਿੱਚ ਗੱਲ ਬਾਤ

| Panjabi | English |
|---|---|
| ਘੜੀ | watch |
| ਸਵੇਰ | morning |

| | |
|---|---|
| ਅੱਠ ਵੱਜੇ ਹਨ | It is eight o'clock |
| ਕਿੰਨੇ | how many |
| ਵਜੇ | o'clock |
| ਜਾਂਦਾ ਹੈ | goes |
| ਸਵਾ ਅੱਠ | quarter past eight |
| ਜਾਂਦਾ/ਜਾਂਦੀ ਹਾਂ | go |
| ਨਾਸ਼ਤਾ | breakfast |
| ਪੌਣੇ ਅੱਠ | quarter to eight |
| ਖਾਂਦੇ ਹੋ | eat |
| ਕਦ | when |
| ਕੁੜੀ | girl |
| ਸੁੱਤੇ ਉਠਦੇ ਹੋ | get up |
| ਤੁਹਾਡਾ | your |
| ਲਗਦਾ ਹੈ | start |
| ਸਾਡਾ | our |
| ਅੱਠ ਵੱਜ ਕੇ ਚਾਲੀ ਮਿੰਟ | eight forty |
| ਜਾਣ ਲਈ | to go |
| ਕਿੰਨਾ | how much |
| ਲਗਦਾ ਹੈ | take |
| ਚਿਰ | time |
| ਸਿਰਫ਼ | only |
| ਕਾਫ਼ੀ ਦੂਰ | quite far |
| ਇਸ ਲਈ | therefore |

| | |
|---|---|
| ਬਸ ਵਿੱਚ ਜਾਣਾ ਪੈਂਦਾ ਸੀ | had to go by bus |
| ਪਹੁੰਚਣ ਤਕ | to reach |
| ਤਕ | to |
| ਅੱਧਾ ਘੰਟਾ | half an hour |

## 5. ਚਰਨਜੀਤ ਦਾ ਪਰਿਵਾਰ

| Panjabi | English |
|---|---|
| ਭਰਾ | brother |
| ਭੈਣ | sister |
| ਅਤੇ | and |
| ਦੋਨੋਂ | both |
| ਨਾਲੋਂ | from |
| ਵੱਡੇ ਹਨ | older |
| ਪੜ੍ਹਦੇ ਹਨ | read |
| ਜੀ | word used for respect |
| ਫ਼ੈਕਟਰੀ | factory |
| ਕੰਮ ਕਰਦੇ ਹਨ | work |
| ਵੀ ਪਿਆਰ ਕਰਦੇ ਹਨ | also love |
| ਪਿਆਰ ਕਰਦੀ ਹੈ | loves |
| ਦਾਦੀ | grandmother |
| ਦਾਦਾ | grandfather |
| ਮੌਤ | death |

| | |
|---|---|
| ਉਹਨਾਂ | them |
| ਨਾਲ | with |
| ਰਹਿੰਦੇ ਹਨ | live |
| ਸਾਰੇ | all |
| ਬੱਚਿਆਂ | children |
| ਦੋ | two |
| ਚਾਚੇ | uncles (father's younger brothers) |
| ਚਾਚੀਆਂ | aunts (father's younger brothers' wives) |
| ਤਾਏ | uncles (father's elder brothers) |
| ਤਾਈਆਂ | aunts (father's elder brothers' wives) |
| ਭੂਆ | father's sister |
| ਫੁੱਫੜ | father's sister's husband |

## 6. ਗੁਰਪਰੀਤ ਦਾ ਘਰ

| Panjabi | English |
|---|---|
| ਨੰਬਰ | number |

| | |
|---|---|
| ਸ਼ਹਿਰ | city |
| ਦੀਆਂ | of |
| ਮੰਜ਼ਲਾਂ | storeys |
| ਉਪਰਲੀ | upper |
| 'ਤੇ | on |
| ਤਿੰਨ | three |
| ਕਮਰੇ | rooms |
| ਹਨ | are |
| ਗ਼ੁਸਲਖ਼ਾਨਾ | bathroom |
| ਸ਼ਾਵਰ | shower |
| 'ਤੇ ਹੀ ਹਨ | are also on |
| ਥੱਲੇ | on the bottom floor |
| ਰਸੋਈ | kitchen |
| ਖਾਣ ਵਾਲਾ ਕਮਰਾ | dinning room |
| ਪੜ੍ਹਨ ਵਾਲਾ ਕਮਰਾ | reading room |
| ਕੋਲ | near |
| ਮੇਜ਼ | table |
| ਵੱਡੀ | big |
| ਅਲਮਾਰੀ | almirah |
| ਹਰੇ ਰੰਗ | green colour |
| ਸਾਰੇ ਕਮਰਿਆਂ ਵਿੱਚ | in all the rooms |
| ਕਾਰਪਿਟ | carpet |
| ਕੰਧਾਂ | walls |

| | |
|---|---|
| ਕੁਝ | some |
| ਸੌਣ ਵਾਲੇ ਕਮਰੇ | bedrooms |
| ਮੰਜਾ | bed |
| ਕਈ ਹੋਰ ਚੀਜ਼ਾਂ | many other things |
| ਪੌੜੀਆਂ | stairs |
| ਕੋਲ | near |
| ਨਾਲ | with |
| ਵੱਡੀ/ਵੱਡਾ | big |
| ਗੈਰਿਜ | garage |
| ਖੜ੍ਹੀ ਕਰਦੇ ਹਨ | park |
| ਅੱਗੇ | in front of |
| ਛੋਟਾ | small |
| ਬਗ਼ੀਚਾ | garden |
| ਪਿਛਲਾ | back/behind |
| ਦੋਹਾਂ | both |
| ਬਗ਼ੀਚਿਆਂ | gardens |
| ਹਰਾ | green |
| ਘਾਹ | grass |
| ਫੁੱਲਾਂ | flowers |
| ਬੂਟੇ | plants |
| ਰਸੋਈ | kitchen |
| ਕਪੜੇ ਧੋਣ ਵਾਲੀ ਮਸ਼ੀਨ | washing machine |
| ਭਾਂਡੇ ਧੋਣ ਵਾਲੀ ਮਸ਼ੀਨ | dish washer |

| | |
|---|---|
| ਹੋਰ ਕਈ | many others |
| ਚੀਜ਼ਾਂ | things |
| ਕੇਂਦਰ | centre |
| ਦੂਰ | far |
| ਨਵਾਂ | new |

## 7. ਕੁਲਦੀਪ ਦਾ ਸਕੂਲ

| Panjabi | English |
|---|---|
| ਪੜ੍ਹਦੀ ਹੈ | studies |
| ਇਹ/ਇਸ | this |
| 'ਤੇ | on |
| ਤੋਂ | from |
| ਨੇੜੇ | near |
| ਨੂੰ | to |
| ਤੁਰ ਕੇ ਜਾਂਦੀ ਹੈ | walks |
| ਸੋਹਣੀ | beautiful |
| ਕਮਰੇ | rooms |
| ਵੱਡਾ | big |
| ਲੱਗੀ ਹੋਈ ਹੈ | fitted |
| ਵਿੱਚ | in |
| ਲਈ | for |
| ਇਕੱਠੇ ਹੁੰਦੇ ਹਨ | get-together |

| | |
|---|---|
| ਕਈ ਤਰ੍ਹਾਂ ਦੀਆਂ | many kinds |
| ਕਿਤਾਬਾਂ | books |
| ਲੈ ਕੇ | take |
| ਪੜ੍ਹਦੇ ਹਨ | read |
| ਬੱਚਿਆਂ | children |
| ਖੇਡਣਾ | to play |
| ਪਸੰਦ ਕਰਦੇ ਹਨ | like |
| ਪੰਦਰਾਂ | fifteen |
| ਅਧਿਆਪਕ | teacher |

## 8. ਕਮਲਜੀਤ ਦਾ ਕੁੱਤਾ

| Panjabi | English |
|---|---|
| ਕੁੱਤਾ | dog |
| ਤਸਵੀਰ | picture |
| ਰੰਗ | colour |
| ਕਾਲਾ | black |
| ਇਸ ਦੀਆਂ | its |
| ਚਾਰ | four |
| ਲੱਤਾਂ | legs |
| ਦੋ | two |
| ਅੱਖਾਂ | eyes |
| ਕੰਨ | ears |

| | |
|---|---|
| ਪੂਛ | tail |
| ਨਾਲ | with |
| ਪਿਆਰ | love |
| ਹਰ ਰੋਜ਼ | every day |
| ਸਵੇਰੇ | in the morning |
| ਸ਼ਾਮ | evening |
| ਬਾਹਰ | outside |
| ਸੈਰ | walk |
| ਲੈ ਕੇ ਜਾਂਦੀ ਹੈ | takes |
| ਸੌਂਦਾ | sleeps |
| ਛੋਟਾ ਜਿਹਾ | small |
| ਲੱਕੜ | wood |
| ਸਾਫ਼ ਕਰਦੀ ਹੈ | cleans |
| ਰਾਖੀ ਕਰਦਾ ਹੈ | guards/looks after |
| ਜਦੋਂ ਵੀ | whenever |
| ਦੂਸਰਾ ਆਦਮੀ | another man |
| ਆਉਂਦਾ ਹੈ | comes |
| ਭੌਂਕਣਾ | to bark |
| ਸ਼ੁਰੂ ਕਰਨਾ | begin |
| ਚੋਰ | thief |
| ਨਹੀਂ ਆਉਣ ਦਿੰਦਾ | does not allow to enter |
| ਕਈ ਕਿਸਮ | many types |
| ਖਾਣਾ | food/to eat |

| | |
|---|---|
| ਦਿੰਦੀ ਹੈ | gives |
| ਸਭ ਤੋਂ ਵੱਧ | most of all |
| ਪਸੰਦ ਕਰਦਾ ਹੈ | likes |

## 9. ਪਰਮਿੰਦਰ ਪਾਰਕ ਵਿੱਚ

| Panjabi | English |
|---|---|
| ਕੋਲ | near |
| ਬੱਚਿਆਂ | children |
| ਖੇਡਣ ਲਈ | for play |
| ਝੂਲੇ | swings |
| ਝੂਟੇ | swings |
| ਖ਼ੁਸ਼ | happy |
| ਗਰਮੀਆਂ | summer |
| ਛੁੱਟੀਆਂ | holidays |
| ਲੋਕ | people |
| ਆਪਸ ਵਿੱਚ | among themselves |
| ਗੱਲਾਂ ਕਰਦੇ ਹਨ | talk |
| ਕੁਝ | some |
| ਚੀਜ਼ਾਂ | things |
| ਨਾਲ | with |
| ਹਰੇ | green |
| ਘਾਹ | grass |

| | |
|---|---|
| ਪਿਕਨਿਕ | picnic |
| ਸਿਆਣੇ | old |
| ਸਾਥੀਆਂ | companions/friends |
| ਤਾਸ਼ ਖੇਡਣਾ | to play cards |
| ਬਾਕੀ | others |
| ਲੇਟਣਾ | lying |

## 10. ਲਖਬੀਰ ਅਤੇ ਆਰਬਿੰਦਰ ਬਲੈਕਪੂਲ ਗਏ

| Panjabi | English |
|---|---|
| ਸਨ | were |
| ਛੇ | six |
| ਹਫ਼ਤਿਆਂ | weeks |
| ਲਈ | for |
| ਬੰਦ | closed |
| ਵੀ | also |
| ਇਹਨਾਂ | these |
| ਬਣਾਇਆ | made |
| ਸਮੁੰਦਰ | sea |
| ਕੰਢੇ | bank |
| ਸੋਹਣਾ | beautiful |
| ਸ਼ਹਿਰ | city |
| ਸਨਿੱਚਰਵਾਰ | Saturday |

SIKHBOOKCLUB.COM

| | |
|---|---|
| ਕੋਈ ਸੱਤ ਕੁ | about seven |
| ਵਜੇ | o'clock |
| ਪਰੌਂਠੇ | type of Indian chapātī |
| ਆਲੂ | potatoes |
| ਛੋਲੇ | grains |
| ਰਸਤੇ ਵਿੱਚ | on the way |
| ਇੱਥੇ | here |
| ਖਾਧੀ | ate |
| ਠਹਿਰ ਕੇ | having stopped |
| ਪਹੁੰਚਣ ਲਈ | to reach |
| ਘੰਟੇ | hours |
| ਸਾਮਾਨ | luggage |
| ਧੁੱਪ | sun |
| ਕੱਪੜੇ | clothes |
| ਰੇਤ | sand |
| ਧੁੱਪ ਸੇਕ ਰਹੇ ਸੀ | sun bathe |
| ਲੇਟੇ ਹੋਏ ਸਨ | were lying |
| ਉਤਾਰੇ | took off |
| ਜਾ ਵੜੇ | went into |
| ਆਰਾਮ ਕੁਰਸੀਆਂ | deck chairs |
| ਪੀਤੀ | drank |
| ਕੁਝ ਦੇਰ ਲਈ | for some time |
| ਘੁੰਮੇ | roamed about |

SIKHBOOKCLUB.COM

| | |
|---|---|
| ਸ਼ਾਮ | evening |
| ਥੱਕਿਆ | tired |
| ਮਹਿਸੂਸ ਕਰਨਾ | feel |
| ਰਾਤ | night |
| ਗਿਆਰਾਂ | eleven |
| ਪਹੁੰਚ ਗਏ | reached |

## 11. ਹਫ਼ਤੇ ਦੇ ਦਿਨ

| Panjabi | English |
|---|---|
| ਅੱਜ | to-day |
| ਕੀ | what |
| ਦਿਨ | day |
| ਕੱਲ੍ਹ | yesterday |
| ਕੱਲ੍ਹ | tomorrow |
| ਸੀ | was |
| ਬੁੱਧਵਾਰ | Wednesday |
| ਹੋਵੇਗਾ | will be |
| ਵੀਰਵਾਰ | Thursday |
| ਪਰਸੋਂ | the day before yesterday |
| ਪਰਸੋਂ | the day after tomorrow |
| ਸੋਮਵਾਰ | Monday |
| ਸ਼ੁੱਕਰਵਾਰ | Friday |

SIKHBOOKCLUB.COM

| | |
|---|---|
| ਬਾਅਦ | after |
| ਕਿਹੜਾ | which |
| ਸਨਿੱਚਰਵਾਰ | Saturday |
| ਪਹਿਲਾਂ | before |
| ਆਉਂਦਾ ਹੈ | comes |
| ਕਿਉਂ | why |
| ਕਿਉਂਕਿ | because |
| ਇਸ ਲਈ | therefore |
| ਖੇਡਣ ਵਾਸਤੇ | for play |
| ਕਾਫੀ | enough |
| ਸਮਾਂ | time |
| ਮਿਲ ਜਾਂਦਾ ਹੈ | get |

SIKHBOOKCLUB.COM